T-14

ਜੈਂ ਗੁਰਦੇਵ! ਧੰਨ ਗੁਰਦੇਵ!!

# ਚੌਦਹ ਸੌ ਤੈਤੀਸ ਕੋ ਮਾਘੁ ਸੁਦੀ ਪੰਦ੍ਰਾਸ॥
# ਦੁਖੀਓਂ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ॥

—ਸੰਤ ਕਰਮਦਾਸ ਜੀ



ਟ੍ਰੈਕਟ ਨੰ: 14

# ਮੇਰੇ ਰਮਈਏ ਰੰਗੁ ਮਜੀਠੁ ਕਾ

ਪਹਿਲੀ ਵਾਰ—5000
ਫਰਵਰੀ—2006

ੴ ਸਤਿਗੁਰ ਪ੍ਰਸਾਦਿ॥
ਗਉੜੀ ਬੈਰਾਗਣਿ ਰਵਿਦਾਸ ਜੀਉ॥
ਘਟ ਅਵਘਟ ਡੂਗਰ ਘਣਾ
ਇਕੁ ਨਿਰਗੁਣੁ ਬੈਲੁ ਹਮਾਰ॥
ਰਮਈਏ ਸਿਉ ਇਕ ਬੇਨਤੀ
ਮੇਰੀ ਪੂੰਜੀ ਰਾਖੁ ਮੁਰਾਰਿ॥ ੧॥
ਕੋ ਬਨਜਾਰੋ ਰਾਮ ਕੋ
ਮੇਰਾ ਟਾਂਡਾ ਲਾਦਿਆ ਜਾਇ ਰੇ॥ ੧॥ ਰਹਾਉ॥
ਹਉ ਬਨਜਾਰੋ ਰਾਮ ਕੋ
ਸਹਜ ਕਰਉ ਬ੍ਯ਼ਾਪਾਰੁ॥
ਮੈ ਰਾਮ ਨਾਮ ਧਨੁ ਲਾਦਿਆ
ਬਿਖੁ ਲਾਦੀ ਸੰਸਾਰਿ॥ ੨॥
ਉਰਵਾਰ ਪਾਰ ਕੇ ਦਾਨੀਆ
ਲਿਖਿ ਲੇਹੁ ਆਲ ਪਤਾਲੁ॥
ਮੋਹਿ ਜਮ ਡੰਡੁ ਨ ਲਾਗਈ
ਤਜੀਲੇ ਸਰਬ ਜੰਜਾਲ॥ ੩॥
ਜੈਸਾ ਰੰਗੁ ਕਸੁੰਭ ਕਾ
ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ
ਕਹੁ ਰਵਿਦਾਸ ਚਮਾਰ॥ ੪॥੧॥ (ਪੰਨਾ ੩੪੫)

(ਵਿਆਖਿਆ ਆਖਰੀ ਸਫ਼ੇ 'ਤੇ)

ਪ੍ਰਕਾਸ਼ਕ :
**ਸ੍ਰੀ ਗੁਰੂ ਰਵਿਦਾਸ ਮਿਸ਼ਨ ਪਰਚਾਰ ਸੰਸਥਾ (ਪੰਜਾਬ)**
*ਹੈੱਡ-ਆਫਿਸ* : ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4
*ਸਬ-ਆਫਿਸ* : ਪਿੰਡ ਤੇ ਡਾਕਖਾਨਾ ਬਿਨਪਾਲਕੇ ਨੇੜੇ ਭੋਗਪੁਰ,
ਜ਼ਿਲ੍ਹਾ ਜਲੰਧਰ-144 201, ਫੋਨ : 0181-2725408

ਕੀਮਤ—ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

# ਇਕ ਬੇਨਤੀ

ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸਾਧ ਸੰਗਤ ਜੀਓ, ਗੁਰੂ ਮਹਾਰਾਜ ਜੀ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਵਧਾਈਆਂ।

ਇਸ ਸ਼ੁੱਭ ਅਵਸਰ ਉੱਤੇ ਹਰ ਸਾਲ ਵਾਂਗ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ, ਪੰਜਾਬ ਇਕ ਛੋਟਾ ਜਿਹਾ ਪੰਫਲੈਟ 'ਮੇਰੇ ਰਮਈਏ ਰੰਗ ਮਜੀਠ ਕਾ' ਲੈ ਕੇ ਤੁਹਾਡੀ ਸੇਵਾ ਵਿਚ ਹਾਜ਼ਿਰ ਹੈ। ਸੰਸਥਾ ਵਲੋਂ ਇਹ ਸੇਵਾ ਲਗਾਤਾਰ 14-15 ਸਾਲਾਂ ਤੋਂ ਜਾਰੀ ਹੈ। ਇਸ ਸੰਸਥਾ ਦੇ ਸਾਰੇ ਸੇਵਾਦਾਰ ਮਿਹਨਤ-ਮਜ਼ਦੂਰੀ ਕਰਕੇ ਦਸਾਂ-ਨਹੁੰਆਂ ਦੀ ਕਿਰਤ-ਕਮਾਈ ਵਿਚੋਂ ਦਸਵੰਧ ਕੱਢ ਕੇ ਇਹ ਸੇਵਾ ਨਿਭਾ ਰਹੇ ਹਨ। ਇਸ ਸੰਸਥਾ ਪਾਸ ਕੋਈ ਪੈਸਾ ਨਹੀਂ, ਕੋਈ ਜਾਇਦਾਦ ਨਹੀਂ ਤੇ ਕੋਈ ਮਾਲੀ ਇਮਦਾਦ ਨਹੀਂ। ਆਪਣੀ ਕੌਮ ਨੂੰ ਸਹੀ ਰਸਤਾ ਵਿਖਾਉਣਾ, ਨੌਜਵਾਨਾਂ ਨੂੰ ਨਸ਼ਿਆਂ ਤੋਂ ਪਰਹੇਜ਼ ਕਰਨ ਲਈ ਪ੍ਰੇਰਨਾ ਤੇ ਆਪਣੇ ਪੈਰਾਂ ਤੇ ਆਪ ਖੜ੍ਹੇ ਹੋਣਾ, ਆਪਣੀ ਕਮਾਈ ਸਾਂਭਣਾ ਅਤੇ ਆਪਣੇ ਹੱਕਾਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਹਾਸਿਲ ਕਰਨਾ ਤੇ ਦੇਸ਼-ਪਿਆਰ ਦੀ ਭਾਵਨਾ ਪੈਦਾ ਕਰਨ ਵਾਲੇ ਜਜ਼ਬਾਤ ਪੈਦਾ ਕਰਨਾ ਇਸ ਸੰਸਥਾ ਦਾ ਉਦੇਸ਼ ਹੈ।

ਸੰਸਥਾ ਵਲੋਂ ਕਈ ਪਿੰਡਾਂ ਵਿਚ ਬੱਚਿਆਂ ਦੀਆਂ ਧਾਰਮਿਕ ਕਲਾਸਾਂ ਲਗਾਈਆਂ ਗਈਆਂ, ਫਿਰ ਉਨ੍ਹਾਂ ਦੀ ਪ੍ਰੀਖਿਆ ਲਈ ਗਈ ਤੇ ਪਾਸ ਵਿਦਿਆਰਥੀਆਂ ਨੂੰ ਸੁੰਦਰ ਸਰਟੀਫਿਕੇਟ ਅਤੇ ਹੋਰ ਤੋਹਫ਼ੇ ਭੇਟ ਕੀਤੇ ਗਏ। ਹੁਣ ਤੱਕ ਸੰਸਥਾ ਵਲੋਂ ਲਗਪਗ 200 ਵਿਦਿਆਰਥੀਆਂ ਨੂੰ ਧਾਰਮਿਕ ਸਿੱਖਿਆ ਦਿੱਤੀ ਗਈ ਹੈ। ਬਹੁਤ ਸਾਰਾ ਧਾਰਮਿਕ ਲਿਟਰੇਚਰ, ਧਾਰਮਿਕ ਕੈਸੇਟਾਂ, ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਗੁਟਕੇ ਛਾਪ ਕੇ ਸੰਗਤਾਂ ਦੀ ਭੇਟ ਕੀਤੇ ਗਏ ਹਨ। ਸੰਸਥਾ ਬਹੁਤ ਕੁਝ ਕਰਨਾ ਚਾਹੁੰਦੀ ਹੈ, ਉਸ ਲਈ ਮਾਇਆ ਦੀ ਜ਼ਰੂਰਤ ਵੀ ਹੈ। ਦਾਨੀ ਸੱਜਣਾਂ ਨੂੰ ਇਸ ਮਨੋਰਥ ਲਈ ਬੇਨਤੀ ਕੀਤੀ ਜਾਂਦੀ ਹੈ। ਦੂਸਰੀ ਬੇਨਤੀ ਇਹ ਕਿ ਇਸ ਪੰਫਲੈਟ ਨੂੰ ਪੜ੍ਹ ਕੇ ਅਲਮਾਰੀ ਵਿਚ ਨਾ ਰੱਖੋ ਸਗੋਂ ਕਿਸੇ ਹੋਰ ਸ੍ਰੀ ਗੁਰੂ ਰਵਿਦਾਸ ਨਾਮ-ਲੇਵਾ ਸੱਜਣ ਨੂੰ ਦਿਓ ਤਾਂਕਿ ਇਸ ਤੋਂ ਕੋਈ ਹੋਰ ਵੀ ਲਾਹਾ ਲੈ ਸਕੇ।

*ਦਾਸ—ਰਛਪਾਲ ਸਿੰਘ ਬੱਧਣ*

*ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ,*

*ਫੋਨ—0181-2490309*

**ਸ੍ਰੀ ਰਣਜੀਤ ਸਿੰਘ (ਦੁਬਈ) ਸਪੁੱਤਰ ਸ੍ਰੀ ਤਰਸੇਮ ਲਾਲ ਪਿੰਡ ਬਿਨਪਾਲਕੇ ਜਲੰਧਰ ਨੇ ਇਸ ਪੰਫਲੈਟ ਲਈ 1000/- ਦੀ ਸੇਵਾ ਭੇਜੀ ਹੈ। ਸੰਸਥਾ ਧੰਨਵਾਦੀ ਹੈ।**

# ਕੁਦਰਤ ਵਿਚੋਂ ਫੁੱਟਦੀ—ਗੁਰੂ ਰਵਿਦਾਸ ਬਾਣੀ

ਕੁਦਰਤ ਦੀ ਰਚਨਾ ਕਰਨ ਵਾਲਾ ਕਾਦਰ ਇਕ ਅਜਿਹਾ ਵਿਗਿਆਨੀ ਹੈ ਜਿਸਦਾ ਕੋਈ ਸਾਨੀ ਨਹੀਂ। ਨਾ ਪਹਿਲਾ ਸੀ ਤੇ ਨਾ ਹੀ ਅੱਗੋਂ ਹੋਵੇਗਾ। ਕੁਦਰਤ ਦਾ ਰਚਈਆ ਕਾਦਰ ਆਪਣੇ ਆਪ ਵਿਚ ਆਪ ਹੀ ਹੈ। ਕੁਦਰਤ ਨੇ ਮਨੁੱਖ, ਜਲ ਜੀਵ, ਥਲ ਜੀਵ, ਪੰਛੀ, ਪੌਣ, ਪਾਣੀ, ਫੁਲ ਪੌਦੇ ਆਦਿ ਦੀ ਰਚਨਾ ਤਾਂ ਕੀਤੀ ਪਰ ਨਾਲ ਹੀ ਸਾਰਿਆਂ ਨੂੰ ਇਕ ਦੂਜੇ 'ਤੇ ਨਿਰਭਰ ਕਰ ਦਿੱਤਾ। ਇਹਨਾਂ, ਮੁੱਲ ਦੇ ਕੇ ਵੀ ਨਾ ਪ੍ਰਾਪਤ ਹੋਣ ਵਾਲੇ ਪਦਾਰਥਾਂ ਨੂੰ, ਬਿਨਾਂ ਮੁੱਲ ਤਾਰੇ ਤੇ ਸੌਖਿਆਂ ਹੀ ਪ੍ਰਾਪਤ ਹੋਣ ਦੀ ਬਖ਼ਸ਼ਿਸ਼ ਕੀਤੀ ਹੈ। ਬਾਕੀ ਜੀਵ-ਜੰਤੂ, ਪਸ਼ੂ, ਪੰਛੀ, ਜਲ ਜੀਵ ਤੇ ਬਨਸਪਤੀ ਕੁਦਰਤ ਵਲੋਂ ਬਖ਼ਸ਼ੇ ਧਰਮਾਂ ਤੇ ਨਿਯਮਾਂ 'ਤੇ ਉਵੇਂ ਤਿਵੇਂ ਹੀ ਚਲਦੇ ਆ ਰਹੇ ਹਨ। ਇਕ ਮਨੁੱਖ ਹੀ ਅਜਿਹਾ ਜੀਵ ਹੈ, ਜੋ ਉੱਨਤੀ ਦੇ ਨਾਮ 'ਤੇ ਕੁਦਰਤ ਨੂੰ ਵਿਗਾੜ ਰਿਹਾ ਹੈ। ਮਨੁੱਖ ਨੇ ਆਪਣੇ ਸੁੱਖ ਦੇ ਕੁਦਰਤੀ ਸੋਮਿਆਂ ਨੂੰ ਦੂਸ਼ਿਤ ਨੇ ਨਸ਼ਟ ਕਰ ਦਿੱਤਾ ਹੈ। ਪੌਣ ਤੇ ਪਾਣੀ ਨੂੰ ਦੂਸ਼ਿਤ ਕਰ ਦਿੱਤਾ ਹੈ। ਸ਼ਾਂਤ ਫਿਜ਼ਾ ਨੂੰ ਵੀ ਰੌਲੇ-ਰੱਪੇ ਨਾਲ ਅਸ਼ਾਂਤ ਕਰ ਦਿੱਤਾ ਹੈ। ਧਰਤੀ ਨੂੰ ਫਰੋਲ ਸੁਟਿਆ ਤੇ ਸਾਡੇ ਜੀਵਨ ਦਾਤੇ ਜੰਗਲਾਂ ਨੂੰ ਵੀ ਕਟ ਸੁਟਿਆ। ਕਾਦਰ ਦੀ ਰਚਨਾ ਕੁਦਰਤ ਨੂੰ ਨਸ਼ਟ ਕਰਕੇ ਮਨੁੱਖ ਆਪਣੇ ਆਪ ਨੂੰ ਤਾਂ ਨਸ਼ਟ ਕਰ ਲਵੇਗਾ ਆਪਣੇ ਨਾਲ ਜੀਵਾਂ ਨੂੰ ਵੀ ਲੈ ਡੁਬੇਗਾ। ਮਨੁੱਖ ਨੇ ਧਰਤੀ ਦੀ ਹੋਂਦ ਖਤਮ ਕਰਨ ਦੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ।

ਦੂਜੇ ਪਾਸੇ ਜੋ ਕੁਦਰਤ ਦੇ ਗੁਣਾਂ ਤੋਂ ਜਾਣੂੰ ਹਨ ਉਹ ਇਸ ਨਾਲ ਅਥਾਹ ਪ੍ਰੀਤ ਕਰਦੇ ਹਨ। ਉਹਨਾਂ ਦੀ ਚਾਹਨਾ ਕੁਦਰਤ ਨੂੰ ਬਣਾਈ ਰੱਖਣ ਵਿਚ ਹੈ। ਏਸੇ ਨਾਲ ਧਰਤੀ ਦੀ ਹੋਂਦ ਬਰਕਰਾਰ ਰਹਿ ਸਕਦੀ ਹੈ। ਕੁਦਰਤ ਤੋਂ ਆਨੰਦ ਲੈਣ ਵਾਲੇ ਤੇ ਇਸ ਦਾ ਰਸ ਪੀਣ ਵਾਲੇ ਸਾਧੂ ਸੰਤ ਹੀ ਹਨ। ਜਿਨ੍ਹਾਂ ਵਿਚੋਂ ਸੰਤ ਸਤਿਗੁਰੂ ਰਵਿਦਾਸ ਜੀ ਮਹਾਰਾਜ ਇਕ ਹਨ। ਜਿਨ੍ਹਾਂ ਦੀ ਪਵਿੱਤਰ ਬਾਣੀ ਕੁਦਰਤ ਵਿਚੋਂ ਹੀ ਹੋ ਕੇ ਮਨੁੱਖ ਤਾਈਂ ਪਹੁੰਚਦੀ ਹੈ।

ਸਤਿਗੁਰੂ ਰਵਿਦਾਸ ਜੀ ਕੁਦਰਤ ਦੇ ਪੈਦਾ ਕੀਤੇ ਮਜੀਠ ਪੌਦੇ ਵਿਚੋਂ ਪਿਆਰ ਦੀ ਪਕਿਆਈ ਦੱਸਦੇ ਹੋਏ ਬਾਣੀ ਦੀ ਰਚਨਾ ਰਾਗ ਗਉੜੀ ਬੈਰਾਗਣਿ ਵਿਚ ਫੁਰਮਾਉਂਦੇ ਹਨ :

**"ਜੈਸਾ ਰੰਗ ਕਸੁੰਭ ਕਾ ਤੈਸਾ ਇਹੁ ਸੰਸਾਰੁ ॥**
**ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥"**

ਭਾਵੇਂ ਜਗਤ ਦੀ ਹੋਂਦ ਪ੍ਰਤੱਖ ਸੱਚ ਹੈ। ਕਾਦਰ ਨੇ ਇਸ ਵਿਚ ਕਈ ਪ੍ਰਕਾਰ ਦੀਆਂ ਭੁਲ-ਭੁਲਈਆਂ ਵੀ ਪਾ ਰੱਖੀਆਂ ਹਨ। ਸੰਸਾਰ ਸੁੱਖ ਵੀ ਹੈ, ਦੁੱਖ ਵੀ ਹੈ। ਇਸ ਦੇ ਦੁੱਖ ਤੋਂ ਛੁਟਕਾਰਾ ਪਾਉਣ ਲਈ ਸਤਿਗੁਰੂ ਰਵਿਦਾਸ ਜੀ ਬਚਨ ਕਰਦੇ ਹਨ ਕਿ ਇਹ ਸੰਸਾਰ ਕਸੁੰਭ ਦੇ ਫੁਲ ਵਾਂਗ ਹੈ। ਕਸੁੰਭ ਦੇ ਲਾਲ ਰੰਗ ਦੇ ਫੁਲ ਦਾ ਜੋਬਨ ਥੋੜ੍ਹਾ ਚਿਰ ਹੁੰਦਾ ਹੈ। ਸਵੇਰੇ ਖਿੜਦਾ ਹੈ ਸ਼ਾਮੀਂ ਮੁਰਝਾ ਜਾਂਦਾ ਹੈ। ਧੁੱਪ ਅਤੇ ਪਾਣੀ ਨਾਲ ਇਸ ਦਾ ਰੰਗ ਛੇਤੀ ਉਤਰ ਜਾਂਦਾ ਹੈ। ਠੀਕ ਇਸੇ ਤਰ੍ਹਾਂ ਸੰਸਾਰੀ ਮੋਹ ਮਨ ਨੂੰ ਮੋਂਹਦਾ ਤਾਂ ਹੈ ਪਰ ਇਸ ਦਾ ਮੋਹ ਵੀ ਇਸ ਦੇ ਦੁੱਖਾਂ ਕਾਰਨ ਛੇਤੀ ਹੀ ਮਨ ਉਚਾਟ ਕਰ ਦਿੰਦਾ ਹੈ। ਨੂਰੀ ਜੋਤਿ ਸਤਿਗੁਰੂ ਰਵਿਦਾਸ ਜੀ ਫੁਰਮਾਨ ਕਰਦੇ ਹਨ ਕਿ ਮੇਰੇ ਕਾਦਰ ਦੇ ਨਾਲ ਪਿਆਰ ਮਜੀਠ ਦੇ ਲਾਲ ਰੰਗ ਵਰਗਾ ਪੱਕਾ ਹੈ। ਜੋ ਸਥਾਈ ਹੈ ਤੇ ਧੁੱਪ-ਮੀਂਹ ਨਾਲ ਫਿਕਾ ਨਹੀਂ ਪੈਂਦਾ। ਕੁਦਰਤ ਦੇ ਖ਼ਜ਼ਾਨੇ ਵਿਚੋਂ ਇਹ ਸੱਚਾਈ

ਕੱਢਣ ਵਾਲੇ ਕੁਦਰਤ ਪ੍ਰੇਮੀ ਸਤਿਗੁਰੂ ਰਵਿਦਾਸ ਜੀ ਹੀ ਹਨ।

ਸਤਿਗੁਰੂ ਰਵਿਦਾਸ ਜੀ ਦੀ ਪਵਿੱਤਰ ਅਮਰ ਬਾਣੀ ਵਿਚ ਕੁਦਰਤ ਦਾ ਵਰਨਣ ਇਸ ਤਰ੍ਹਾਂ ਜੜਿਆ ਮਿਲਦਾ ਹੈ ਜਿਵੇਂ ਕੁਦਰਤ ਤੇ ਬਾਣੀ ਦੋ ਨਾ ਹੋ ਕੇ ਇਕੋ ਰੂਪ ਹੋਣ। ਸਤਿਗੁਰੂ ਜੀ ਮਹਾਰਾਜ ਰਾਗ ਭੈਰਉ ਵਿਚ ਬਾਣੀ ਦੀ ਰਚਨਾ ਵਿਚ ਕੁਦਰਤ ਦੇ ਮੋਤੀ ਨੂੰ ਪਰੋਂਦੇ ਹੋਏ ਬਚਨ ਕਰਦੇ ਹਨ :

"ਫਲ ਕਾਰਨ ਫੂਲੀ ਬਨਰਾਇ॥ ਫਲ ਲਾਗਾ ਤਬ ਫੂਲੁ ਬਿਲਾਇ॥"

ਇਸ ਦਾ ਭਾਵ ਹੈ ਕਿ ਫਲ ਲੱਗਣ ਦੀ ਖਾਤਰ ਹੀ ਫੁੱਲ ਖਿੜਦੇ ਹਨ ਜਦ ਫਲ ਲੱਗ ਜਾਂਦਾ ਹੈ ਤਾਂ ਫੁੱਲ ਦੇ ਸਾਰੇ ਪੱਤੇ ਝੜ ਜਾਂਦੇ ਹਨ। ਇਸੇ ਤਰ੍ਹਾਂ ਇਕ ਸਾਧਕ ਕਾਦਰ ਦੀ ਪ੍ਰਾਪਤੀ ਲਈ ਕਈ ਪ੍ਰਕਾਰ ਦੇ ਅਡੰਬਰ, ਕਰਮ-ਕਾਂਡ, ਹੀਲੇ ਵਸੀਲੇ ਕਰਦਾ ਹੈ ਪਰ ਜਦ ਉਸ ਨੂੰ ਕਾਦਰ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਹ ਸਾਰੇ ਕਰਮ-ਕਾਂਡ ਤਿਆਗ ਦਿੰਦਾ ਹੈ। ਕੁਦਰਤ ਨਾਲ ਤਸ਼ਬੀਹ ਦੇ ਕੇ ਸ੍ਰੀ ਗੁਰੂ ਰਵਿਦਾਸ ਜੀ ਨੇ ਕਿੰਨੀ ਸੋਹਣੀ ਕਲਾਕਾਰੀ ਚਿਤਰੀ ਹੈ।

ਰਾਗ ਬਸੰਤ ਵਿਚ ਆਪ ਨੇ ਪ੍ਰਬਚਨ ਕੀਤੇ ਹਨ :

"ਤੂੰ ਕਾਇ ਗਰਬਹਿ ਬਾਵਲੀ॥
ਜੈਸੇ ਭਾਦਉ ਖੂੰਬ ਹਾਜ ਤੂ ਕਿਸ ਤੇ ਖਰੀ ਉਤਾਲਵੀ॥"

ਸੰਤ ਸ਼੍ਰੋਮਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਹੰਕਾਰੀ ਮਨੁੱਖ ਨੂੰ ਸੰਬੋਧਨ ਕਰਦੇ ਹੋਏ ਆਪਣੇ ਵਿਚਾਰ ਸਪੱਸ਼ਟ ਕਰਦੇ ਹਨ ਕਿ ਹੇ ਮਨੁੱਖ ਤੂੰ ਕਿਸ ਗੱਲ ਦਾ ਮਾਣ ਕਰਦਾ ਹੈਂ। ਜੋਬਨ, ਧਨ, ਮਾਇਆ, ਪੁੱਤਰ, ਸੰਬੰਧੀ, ਇਹਨਾਂ ਵਿਚੋਂ ਕੁਝ ਵੀ ਤੇਰਾ ਨਹੀਂ ਹੈ। ਤੂੰ ਤਾਂ ਕਾਲ ਵੱਸ ਹੈਂ। ਤੂੰ ਤਾਂ ਘੜੀ ਪਲ ਦਾ ਜਗਤ ਪ੍ਰਾਹੁਣਾ ਹੈਂ। ਜਿਵੇਂ ਭਾਦੋਂ ਦੇ ਮਹੀਨੇ ਧਰਤੀ ਵਿਚ ਖੁੰਬ ਉਗਦੀ ਹੈ ਤਾਂ ਉਹ ਦਿਹਾੜੀ ਵੀ ਨਹੀਂ ਕੱਢਦੀ, ਸਮਾਪਤ ਹੋ ਜਾਂਦੀ ਹੈ। ਇਸੇ ਤਰ੍ਹਾਂ ਪ੍ਰਾਣੀ, ਤੇਰਾ ਜੀਵਨ ਛਿਨ ਭੰਗੁਰ ਹੈ।

*—ਰਾਮ ਧਨ ਨਾਂਗਲੂ, ਭੋਗਪੁਰ*

* * *

# ਸੋ ਕਤ ਜਾਨੈ ਪੀਰ ਪਰਾਈ॥

ਮਦਰਾਸ ਵਿਚ ਅਜਿਹੀਆਂ ਸੜਕਾਂ ਪਹਿਲਾਂ ਭੀ ਸਨ ਅਤੇ ਹੁਣ ਭੀ ਹਨ ਜਿਨ੍ਹਾਂ ਉੱਤੇ ਸ਼ੂਦਰ ਜਾਤੀ ਦੇ ਲੋਕ ਤੁਰ ਫਿਰ ਨਹੀਂ ਸਕਦੇ। ਕੁਝ ਅਜਿਹੇ ਲੋਕ ਭੀ ਸਨ ਜਿਨ੍ਹਾਂ ਨੂੰ ਦੇਖਣ ਤੇ ਪਾਪ ਲੱਗਦਾ ਸੀ, ਬ੍ਰਾਹਮਣ ਨਾਲ ਉਹ ਕਿਸੇ ਕੰਧ ਜਾਂ ਹੋਰ ਕਿਸੇ ਤਰ੍ਹਾਂ ਦੀ ਓਟ ਲੈ ਕੇ ਗੱਲਬਾਤ ਕਰਦੇ ਸਨ, ਮਾਲਾਬਾਰ ਵਿਚ ਲਿਖਣਾ ਪੜ੍ਹਨਾ ਤਾਂ ਦੂਰ, ਅਛੂਤਾਂ ਨੂੰ ਬ੍ਰਾਹਮਣਾਂ ਵਾਲੀ ਭਾਸ਼ਾ ਜਿਹੜੀ ਉਹ ਕਿਸੇ ਵਸਤੂ ਭਾਵ ਚੀਜ਼ ਲਈ ਵਰਤਦੇ ਸਨ, ਅਛੂਤਾਂ ਨੂੰ ਉਹ ਭਾਸ਼ਾ ਵਰਤਣ ਦੀ ਇਜਾਜ਼ਤ ਨਹੀਂ ਸੀ, ਉਸਨੂੰ ਅਪਰਾਧ ਸਮਝਿਆ ਜਾਂਦਾ ਸੀ।

4 ਨਵੰਬਰ 1936 ਦੇ ਅੰਕ (ਬੰਬਈ ਸਮਾਚਾਰ) ਵਿਚ ਇਹ ਖਬਰ ਪ੍ਰਕਾਸ਼ਿਤ ਹੋਈ ਸੀ ਕਿ "ਮਾਲਾਬਾਰ ਦੇ ਇਕ ਪਿੰਡ ਉੱਤਪਲਮ ਵਿਚ, ਇਜਵਾ (ਅਛੂਤ) ਜਾਤੀ ਦਾ 17 ਸਾਲਾ ਸ਼ਿਵਰਾਮਨ ਸਵਰਣ (ਹਿੰਦੂ) ਉਚ ਜਾਤੀ ਦੀ ਦੁਕਾਨ ਤੋਂ ਨਮਕ ਖਰੀਦਣ ਲਈ ਗਿਆ। ਉਚ

ਜਾਤੀ ਦੇ ਹਿੰਦੂ ਨਮਕ ਨੂੰ ਮਾਲਾਬਾਰ ਭਾਸ਼ਾ ਵਿਚ "ਉਪੂ" ਸਦਦੇ (ਕਹਿੰਦੇ) ਹਨ। ਅਛੂਤ ਜਾਤੀ ਦੇ ਲੋਕ ਨਮਕ ਨੂੰ 'ਪੁਲੀਚਟੁਨ' ਆਖਦੇ ਹਨ।

ਸ਼ਿਵਰਾਮਨ ਅਛੂਤ ਲੜਕੇ ਨੇ ਉੱਚ ਜਾਤੀ ਹਿੰਦੂ ਦੁਕਾਨਦਾਰ ਤੋਂ ਨਮਕ ਦਾ ਨਾਮ 'ਉਪੂ' ਕਹਿ ਕੇ ਮੰਗਿਆ। ਇਸ ਗੱਲ 'ਤੇ ਉੱਚ ਜਾਤੀ ਦੇ ਹਿੰਦੂ ਦੁਕਾਨਦਾਰ ਨੂੰ ਗੁੱਸਾ ਆਇਆ ਕਿ ਉਸਨੇ ਇਕ ਅਛੂਤ ਹੋਣ ਦੇ ਨਾਤੇ ਉਚ ਜਾਤੀ ਦੇ ਹਿੰਦੂਆਂ ਵਾਲੇ ਸ਼ਬਦ 'ਉਪੂ' ਦੀ ਵਰਤੋਂ ਕਿਉਂ ਕੀਤੀ, ਉਸ ਨੂੰ ਇਕ ਅਛੂਤ ਹੋਣ ਦੇ ਨਾਤੇ ਨਮਕ ਨੂੰ 'ਪੁਲੀਚਟੁਨ' ਕਹਿਣਾ ਚਾਹੀਦਾ ਸੀ। ਦੁਕਾਨਦਾਰ ਨੇ ਉਸ ਸ਼ੂਦਰ ਜਾਤੀ ਦੇ ਲੜਕੇ ਨੂੰ ਇਤਨਾ ਮਾਰਿਆ ਕਿ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ।

ਇਥੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਸਮੇਂ ਅੱਜ ਤੋਂ ਕਰੀਬ ਸਵਾ ਛੇ ਸੌ ਸਾਲ ਪਹਿਲਾਂ ਸਾਡੇ ਨਾਲ ਕਿਹੋ ਜਿਹਾ ਵਰਤਾਰਾ ਹੁੰਦਾ ਹੋਵੇਗਾ। ਸਤਿਕਾਰਯੋਗ ਡਾ: ਬੀ. ਆਰ. ਅੰਬੇਡਕਰ ਜੀ ਨੂੰ ਮਾਲਾਬਾਰ ਦੇ ਇਲਾਕੇ ਵਿਚ ਕਿਹੋ ਜਿਹਾ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ? ਇਸਤ੍ਰੀ ਜਾਤੀ ਚਾਹੇ ਉਹ ਬ੍ਰਾਹਮਣ ਹੀ ਕਿਉਂ ਨਾ ਹੋਵੇ ਉਹ ਸ਼ੂਦਰ ਤਸੱਵਰ ਕੀਤੀ ਜਾਂਦੀ ਸੀ। ਉਸ 'ਤੇ ਅੱਤਿਆਚਾਰਾਂ ਦੀ ਜੋ ਵੇਦਾਂ, ਸਿਮ੍ਰਿਤੀਆਂ ਵਿਚ ਦਰਜ ਹੈ ਸੁਣਕੇ ਰੌਂਗਟੇ ਖੜੇ ਹੋ ਜਾਂਦੇ ਹਨ। ਇਹ ਪਹਿਲਾ ਮੌਕਾ ਹੈ ਭਾਰਤ ਦੇਸ਼ ਵਿਚ ਜਦੋਂ ਸ੍ਰੀ ਗੁਰੂ ਰਵਿਦਾਸ ਜੀ ਨੇ ਇਸਤ੍ਰੀ ਜਾਤੀ ਦਾ ਮਾਨ ਸਤਿਕਾਰ ਕੀਤਾ ਅਤੇ ਸਮਾਜ ਨੂੰ ਹਦਾਇਤ ਕੀਤੀ। ਜੇ ਸਹੀ ਅਰਥਾਂ ਵਿਚ ਪ੍ਰਮਾਤਮਾ ਦੀ ਭਗਤੀ ਕਰਨੀ ਹੈ ਤਾਂ ਉਸਨੂੰ ਪਤੀਵਰਤਾ ਇਸਤ੍ਰੀ ਤੋਂ ਸਿਖਿਆ ਲੈਣੀ ਚਾਹੀਦੀ ਹੈ ਜਿਹੜੀ ਆਪਣੇ ਪਤੀ ਤੋਂ ਬਗੈਰ ਕਿਸੇ ਦੂਸਰੇ ਆਦਮੀ ਨਾਲ ਗੱਲ ਤਾਂ ਕੀ ਕਰਨੀ ਸੀ ਉਸ ਵੱਲ ਵੇਖਦੀ ਭੀ ਨਹੀਂ:

ਸਹ ਕੀ ਸਾਰ ਸੁਹਾਗਨਿ ਜਾਨੈ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ॥
ਤਨੁ ਮਨੁ ਦੇਇ ਨ ਅੰਤਰੁ ਰਾਖੈ॥ ਅਵਰਾ ਦੇਖਿ ਨ ਸੁਨੈ ਅਭਾਖੈ॥
ਸੋ ਕਤ ਜਾਨੈ ਪੀਰ ਪਰਾਈ॥ ਜਾ ਕੈ ਅੰਤਰਿ ਦਰਦੁ ਨ ਪਾਈ॥

*—ਮੱਘਰ ਸਿੰਘ, ਲੁਧਿਆਣਾ।*

* * *

# ਸਤਿ ਭਾਖੈ ਰਵਿਦਾਸ

ਭਾਰਤ ਦੇ ਇਤਿਹਾਸ ਦੀ ਖੋਜ ਕਰਨ 'ਤੇ ਪਤਾ ਚੱਲਦਾ ਹੈ ਕਿ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਮੇਂ ਬ੍ਰਾਹਮਣਵਾਦ ਨੇ ਸਮੁੱਚੇ ਭਾਰਤ ਦੀ ਜਨਤਾ ਨੂੰ ਚਾਰ ਭਾਗਾਂ ਦੇ ਵਿਚ ਵੰਡਿਆ ਹੋਇਆ ਸੀ ਜਿਸ ਨੂੰ ਚਾਰ ਵਰਣ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਕਿਹਾ ਗਿਆ। ਇਕ ਆਰੀਆਈ ਮਿਥਕ ਕਥਾ ਅਨੁਸਾਰ ਜਦੋਂ ਸੰਸਾਰ ਵਿਚ ਮਨੁੱਖ ਪੈਦਾ ਹੋਇਆ ਤਾਂ ਬ੍ਰਾਹਮਣ ਬ੍ਰਹਮਾ ਦੇ ਮੂੰਹ ਵਿਚੋਂ ਪੈਦਾ ਹੋਇਆ, ਵੈਸ਼ ਪੇਟ ਵਿਚੋਂ, ਖੱਤਰੀ ਬਾਹਵਾਂ ਵਿਚੋਂ ਅਤੇ ਸ਼ੂਦਰ ਪੈਰਾਂ ਵਿਚੋਂ ਪੈਦਾ ਹੋਇਆ। ਸੋਚਣ ਵਾਲੀ ਗੱਲ ਹੈ ਕਿ ਬ੍ਰਹਮਾ ਨੇ ਕੇਵਲ ਭਾਰਤ ਦੇ ਲੋਕ ਹੀ ਪੈਦਾ ਕੀਤੇ। ਬਰਨਈ, ਸਿੰਘਾਪੁਰ, ਕੈਨੇਡਾ ਜਾਂ ਜਾਪਾਨ ਵਰਗੇ ਦੇਸ਼ਾਂ ਦੇ ਲੋਕ ਕਿਸ ਨੇ ਪੈਦਾ ਕੀਤੇ ਹਨ? ਖ਼ੈਰ ਅੱਗੇ ਚੱਲਦੇ ਹਾਂ। ਸਭ ਤੋਂ ਉੱਚਾ ਵਰਨ ਉਸ ਨੇ ਆਪਣੇ ਆਪ ਨੂੰ

ਘੋਸ਼ਿਤ ਕੀਤਾ, ਆਪਣੀ ਰਖਿਆ ਵਾਸਤੇ ਖੱਤਰੀ ਵਰਣ ਨੂੰ ਨਿਯੁਕਤ ਕੀਤਾ। ਵੈਸ਼ ਨੂੰ ਖੇਤੀਬਾੜੀ ਅਤੇ ਉਦਯੋਗਿਕ ਕੰਮਾਂ ਦੇ ਲਈ ਨਿਯੁਕਤ ਕੀਤਾ ਪਰੰਤੂ ਸ਼ੂਦਰ ਨੂੰ ਉਸ ਨੇ ਉਪਰਲੇ ਤਿੰਨ ਵਰਣਾਂ ਦੀ ਗੁਲਾਮੀ ਕਰਨ ਦਾ ਹੁਕਮ ਦਿੱਤਾ। ਇਸ ਤਰ੍ਹਾਂ ਦੀ ਉਸਦੀ ਘਟੀਆ ਸੋਚ ਨੇ ਸ਼ੂਦਰ ਦਾ ਜੀਵਨ ਪਸ਼ੂਆਂ ਤੋਂ ਵੀ ਭੈੜਾ ਬਣਾ ਦਿੱਤਾ। ਇਕ ਛੱਪੜ ਵਿਚੋਂ ਪਸ਼ੂ, ਪੰਛੀ, ਕੁੱਤੇ ਅਤੇ ਹੋਰ ਜਾਨਵਰ ਤਾਂ ਪਾਣੀ ਪੀ ਸਕਦੇ ਸਨ ਪਰ ਸ਼ੂਦਰ ਜਾਤੀ ਦੇ ਲੋਕਾਂ ਨੂੰ ਸਖਤ ਮਨਾਹੀ ਸੀ।ਉਪਰਲੇ ਵਰਣਾਂ ਦੇ ਘਰਾਂ ਵੱਲ ਜਾਣ ਵੇਲੇ ਸ਼ੂਦਰ ਨੂੰ ਗਲ ਵਿਚ ਕੁੱਜਾ ਲਟਕਾਉਣਾ ਜ਼ਰੂਰੀ ਸੀ ਤਾਂ ਕਿ ਜਦੋਂ ਉਧਰ ਜਾਣ ਸਮੇਂ ਜੇਕਰ ਉਸ ਨੂੰ ਥੁੱਕ ਆ ਜਾਵੇ ਤਾਂ ਉਹ ਜ਼ਮੀਨ 'ਤੇ ਨਹੀਂ ਗਲ ਵਿਚ ਪਾਏ ਕੁੱਜੇ ਵਿਚ ਥੁੱਕੇ। ਉਸਦੀ ਪਿੱਠ ਪਿੱਛੇ ਝਾੜੂ ਬੰਨ੍ਹਣਾ ਵੀ ਜ਼ਰੂਰੀ ਸੀ ਕਿ ਸ਼ੂਦਰ ਦੀ ਪੈੜ ਮਿਟਦੀ ਜਾਵੇ ਤਾਂ ਕਿ ਕਿਤੇ ਸਵਰਨ ਭਿੱਟਿਆ ਨਾ ਜਾਵੇ। ਇਹ ਗੱਲਾਂ ਕਹੀਆਂ ਕਹਾਣੀਆਂ ਜਾਂ ਸੁਣੀਆਂ-ਸੁਣਾਈਆਂ ਨਹੀਂ ਇਹ ਅੱਜ ਵੀ ਹਿੰਦੂ ਧਰਮ ਦੇ ਗ੍ਰੰਥਾਂ ਵਿਚ ਦਰਜ ਹਨ।

ਇਥੇ ਹੀ ਬੱਸ ਨਹੀਂ, ਸ਼ੂਦਰ ਸਮਾਜ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਵੀ ਦਾਅ 'ਤੇ ਲੱਗੀ ਹੋਈ ਸੀ, ਉਨ੍ਹਾਂ ਨੂੰ ਬਿਨਾਂ ਹੀਲ-ਇੱਜ਼ਤ ਮੁਗਲ ਹਾਕਮਾਂ ਅਤੇ ਮਨੂੰਵਾਦੀ ਹਾਕਮਾਂ ਦਾ ਸ਼ਿਕਾਰ ਬਣਨਾ ਪੈਂਦਾ ਸੀ, ਨਾ ਤਾਂ ਉਹ ਆਪਣੀ ਇੱਜ਼ਤ ਬਚਾਉਣ ਦੇ ਸਮਰੱਥ ਸਨ ਅਤੇ ਨਾ ਹੀ ਉਨ੍ਹਾਂ ਦੀ ਇੱਜ਼ਤ ਬਚਾਉਣ ਹਿੱਤ ਆਪਣੀ ਜਾਨ ਨੂੰ ਜੋਖਮ ਵਿਚ ਪਾਉਣ ਦਾ ਕੋਈ ਯਤਨ ਕਰਦਾ ਸੀ। ਇਸ ਭਿਆਨਕ ਸਮੇਂ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਭਾਰਤ ਦੀ ਗਲ ਸੜ ਚੁੱਕੀ ਸੰਸਕ੍ਰਿਤੀ ਨੂੰ ਜੜ੍ਹੋਂ ਪੁੱਟਣ ਦੇ ਲਈ ਨਵਾਂ ਕ੍ਰਾਂਤੀਕਾਰੀ, ਤਰਕਵਾਦੀ, ਸਮਾਜਵਾਦੀ ਤੇ ਵਿਸ਼ਵ-ਵਿਆਪੀ ਵਿਗਿਆਨਕ ਅੰਦੋਲਨ ਆਰੰਭ ਕੀਤਾ ਅਤੇ ਬਾਣੀ ਰਾਹੀਂ ਸਮਝਾਇਆ ਕਿ ਸਾਰੇ ਲੋਕ ਬਰਾਬਰ ਹਨ, ਕੋਈ ਵੀ ਬ੍ਰਾਹਮਣ, ਸ਼ੂਦਰ, ਉੱਚਾ-ਨੀਵਾਂ ਨਹੀਂ ਹੈ, ਕੋਈ ਰੰਗ-ਨਸਲ ਦਾ ਭੇਦ ਨਹੀਂ ਹੈ, ਕੋਈ ਉੱਚਾ-ਨੀਵਾਂ ਨਹੀਂ ਹੈ। ਸਾਰਾ ਸੰਸਾਰ ਇਕ ਹੈ ਕਿਉਂਕਿ ਉਹ ਇਕ ਪਾਰਬ੍ਰਹਮ ਦਾ ਹੀ ਬਣਾਇਆ ਹੋਇਆ ਹੈ। ਵਰਣ, ਰੰਗ, ਨਸਲ, ਅਮੀਰ, ਗਰੀਬ, ਉੱਚਾ-ਨੀਵਾਂ, ਛੂਆ-ਛਾਤ, ਦੇਸ਼ ਪ੍ਰਦੇਸ਼ ਦੀਆਂ ਹੱਦਾਂ ਆਦਿ ਸਭ ਬੇਅਰਥ ਹਨ। ਇਹ ਮਨੁੱਖ ਨੂੰ ਮਨੁੱਖ ਨਾਲ ਨਫਰਤ ਕਰਨਾ ਸਿਖਾਉਂਦੇ ਹਨ। ਇਹ ਮਨੁੱਖ ਨੂੰ ਇਨਸਾਨ ਜਾਂ ਮਾਨਵਵਾਦੀ ਮਨੁੱਖ ਬਣਨ ਤੋਂ ਰੋਕਦੇ ਹਨ। ਇਸ ਸੰਬੰਧੀ ਸ੍ਰੀ ਗੁਰੂ ਰਵਿਦਾਸ ਜੀ ਦਾ ਵਿਸ਼ਵ ਇਨਕਲਾਬੀ ਫੁਰਮਾਨ ਹੈ :

**ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥...**

**ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤ ਹਮਾਰਾ॥ ੩॥**

*(ਗੁਰੂ ਗ੍ਰੰਥ ਸਾਹਿਬ, ਪੰਨਾ ੯੩)*

ਸਤਿਗੁਰੂ ਰਵਿਦਾਸ ਜੀ ਦੀ ਨੂਰਾਨੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਲੱਖਾਂ ਲੋਕਾਂ ਦੀ ਤਰ੍ਹਾਂ 50 ਰਾਜੇ ਰਾਣੀਆਂ ਨੇ ਗੁਰੂ ਰਵਿਦਾਸ ਜੀ ਨੂੰ ਗੁਰੂ ਧਾਰਿਆ, ਜੋ ਸਭ ਉੱਚੀਆਂ ਜਾਤਾਂ ਦੇ ਕਹਾਉਣ ਵਾਲੇ ਲੋਕ ਸਨ। ਬੜੀ ਹੈਰਾਨੀ ਦੀ ਗੱਲ ਹੈ ਕਿ ਉਸ ਸਮੇਂ ਸ਼ੂਦਰ ਨੂੰ ਭਗਤੀ ਕਰਨ ਦਾ ਕੋਈ ਅਧਿਕਾਰ ਨਹੀਂ ਸੀ, ਲੇਕਿਨ ਗੁਰੂ ਰਵਿਦਾਸ ਜੀ ਗੁਰੂ ਬਣੇ, ਉਹ ਵੀ ਬ੍ਰਾਹਮਣਾਂ ਦੇ ਗੜ੍ਹ ਬਨਾਰਸ ਵਿਚ। ਕਿੰਨਾ ਵੱਡਾ ਚਮਤਕਾਰ, ਇੰਨੀ ਵੱਡੀ ਸ਼ੋਭਾ ਬਣਾਉਣੀ, ਸੱਚੇ ਗੁਰੂ ਦੀ ਮਹਾਨ ਸ਼ਖਸੀਅਤ ਕਰਕੇ ਹੀ ਹੋ ਸਕਦੀ ਹੈ, ਜਿਨ੍ਹਾਂ ਦੇ ਦੀਦਾਰ ਦਰਸ਼ਨ ਕਰਨ ਗੁਰੂ ਨਾਨਕ

ਦੇਵ ਜੀ ਬਨਾਰਸ ਗਏ ਅਤੇ ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਕਬੀਰ ਸਾਹਿਬ, ਗੁਰੂ ਧੰਨਾ ਜੀ, ਗੁਰੂ ਪੀਪਾ ਜੀ, ਸੰਤ ਮੀਰਾਂ ਬਾਈ ਜੀ ਸਿਫ਼ਤ ਕਰਨੋਂ ਨਾ ਰਹਿ ਸਕੇ।

ਪਰ ਅੱਜ ਅਸੀਂ ਮਹਾਨ ਗੁਰੂ ਦੇ ਉਪਦੇਸ਼ ਤੋਂ ਬੇਮੁੱਖ ਹੋਈ ਬੈਠੇ ਹਾਂ।

**ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥**
**ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥**

ਹੁਕਮ ਦੇ ਬਾਵਜੂਦ ਵੀ ਅੰਧ-ਵਿਸ਼ਵਾਸਾਂ ਨੂੰ ਪਾਲੀ ਜਾ ਰਹੇ ਹਾਂ। ਜਠੇਰਿਆਂ ਦੀ ਪੂਜਾ, ਸਰਾਧ, ਪੈਂਚਕਾਂ, ਚੰਗੇ ਮਾੜੇ ਦਿਨਾਂ ਦੀ ਵੀਚਾਰ, ਤੀਰਥ-ਯਾਤਰਾ, ਇਸ਼ਨਾਨ, ਧੂਫ਼-ਦੀਵੇ ਤੇ ਦੂਸਰੇ ਅਖੌਤੀ ਭਗਵਾਨਾਂ, ਦੇਵੀ-ਦੇਵਤਿਆਂ, ਸਖੀ ਸਰਵਰੀਆਂ, ਮੜ੍ਹੀ-ਮਸਾਣੀ ਦੀ ਪੂਜਾ ਕਰਨ ਵਿਚ ਮਸਤ ਹਾਂ। ਆਪਣੇ ਬੱਚਿਆਂ ਨੂੰ ਪੀਰਾਂ ਦੀਆਂ ਜਗ੍ਹਾਂ 'ਤੇ ਚਿਰਾਗ ਕਰਨ ਭੇਜਦੇ ਹਾਂ। ਬੱਕਰਿਆਂ ਦੀਆਂ ਬਲੀਆਂ ਦਿੰਦੇ ਹਾਂ।

ਇਹ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨਹੀਂ। ਦਲਿਤ ਭਰਾਵੋ, ਭੈਣੋਂ! ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਕੌਮ ਦੀ ਇੱਜ਼ਤ ਬਣਾਉਣ ਵਾਸਤੇ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕੀਤਾ ਜਿਸ ਨਾਲ ਕੌਮ ਦਾ ਭਲਾ ਹੋਵੇ ਪਰ ਅਸੀਂ ਕੌਮੀ ਏਕਤਾ ਬਣਾਉਣ ਦੀ ਬਜਾਏ ਆਪਸ ਵਿਚ ਲੜੀ ਜਾ ਰਹੇ ਹਾਂ। ਕੌਮੀ ਏਕਤਾ ਉੱਨੀ ਦੇਰ ਕਾਇਮ ਨਹੀਂ ਹੋ ਸਕਦੀ, ਜਦੋਂ ਤੱਕ ਸ੍ਰੀ ਗੁਰੂ ਰਵਿਦਾਸ ਜੀ ਦੇ ਬਾਣੀ ਉਪਦੇਸ਼ਾਂ 'ਤੇ ਅਮਲ ਨਹੀਂ ਕਰਦੇ।

ਆਉ ਅੱਜ ਸਾਡੇ ਗੁਰੂ ਰਵਿਦਾਸ ਮਹਾਰਾਜ ਜੀ ਦੇ 629ਵੇਂ ਪ੍ਰਕਾਸ਼ ਪੁਰਬ 'ਤੇ ਪ੍ਰਣ ਲਈਏ ਕਿ ਸਾਹਿਬ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਦੱਸੇ ਮਾਰਗ ਅਨੁਸਾਰ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਹੈ ਤੇ ਪਾਖੰਡੀ ਪੂਜਾ ਦਾ ਤਿਆਗ ਕਰਨਾ ਹੈ ਤੇ ਗੁਰੂ ਦੇ ਇਲਾਹੀ ਬਚਨਾਂ ਨੂੰ ਹਮੇਸ਼ਾ ਯਾਦ ਰੱਖਣਾ ਹੈ।

*—ਮਹਿੰਦਰ ਸੰਧੂ 'ਮਹੇੜੂ'*

* * *

# ਆਪਣੇ ਇਤਿਹਾਸ ਨੂੰ ਭੁਲਾਉਣਾ ਪਾਪ ਹੈ

ਹਰੇਕ ਦੇਸ਼ ਦਾ ਇਤਿਹਾਸ ਉਸਦੇ ਵਸਨੀਕ ਸਿਰਜਦੇ ਹਨ। ਜਿਸ ਦੇਸ਼ ਦੇ ਲੋਕ ਈਮਾਨਦਾਰ ਅਤੇ ਮਿਹਨਤੀ ਹੋਣਗੇ ਉਸ ਦੇਸ਼ ਦਾ ਇਤਿਹਾਸ ਬਹੁਤ ਹੀ ਗੌਰਵਮਈ ਤੇ ਸੁਨਹਿਰਾ ਹੋਵੇਗਾ। ਭਾਰਤ ਇਕ ਮਹਾਨ ਦੇਸ਼ ਹੈ। ਇਸ ਵਿਚ ਵੱਖ-ਵੱਖ ਧਰਮਾਂ, ਨਸਲਾਂ, ਰੰਗਾਂ ਤੇ ਜਾਤਾਂ ਦੇ ਲੋਕ ਰਹਿੰਦੇ ਹਨ। ਇਨ੍ਹਾਂ ਵੱਖ-ਵੱਖ ਫਿਰਕੇ ਦੇ ਲੋਕਾਂ ਨੂੰ ਪੀਰਾਂ, ਪੈਗੰਬਰਾਂ, ਰਹਿਬਰਾਂ ਤੇ ਗੁਰੂਆਂ ਨੇ ਇਕ ਲੜੀ ਵਿਚ ਪਰੋਣ ਦਾ ਭਰਪੂਰ ਯਤਨ ਕੀਤਾ।

ਸੰਤ ਮਹਾਂਪੁਰਸ਼ ਲੋਕਾਂ ਨੂੰ ਆਪਸੀ ਪਿਆਰ ਅਤੇ ਏਕਤਾ ਦਾ ਸੰਦੇਸ਼ ਦਿੰਦੇ ਹਨ, ਪਰ ਕੀ ਅਸੀਂ ਮਹਾਂਪੁਰਸ਼ਾਂ ਦੇ ਸੰਦੇਸ਼ ਮੁਤਾਬਕ ਚੱਲਦੇ ਹਾਂ। ਅਸੀਂ ਖੁਦਗਰਜ਼ੀ ਦਾ ਪਿਆਰ ਕਰਦੇ ਹਾਂ ਅਤੇ ਆਪਣਾ ਮਤਲਬ ਹੱਲ ਹੁੰਦਿਆਂ ਹੀ ਪਾਸਾ ਵੱਟ ਲੈਂਦੇ ਹਾਂ। ਸ੍ਰੀ ਗੁਰੂ ਰਵਿਦਾਸ ਜੀ ਨੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਹੱਥੀਂ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਮਹਾਂਪੁਰਸ਼ਾਂ ਦੇ ਸੰਦੇਸ਼ ਮੁਤਾਬਕ ਸਾਨੂੰ ਆਪਣੀ ਸੁੱਚੀ-ਸੁੱਚੀ ਕਿਰਤ ਕਰਨੀ ਚਾਹੀਦੀ ਹੈ ਪਰ

ਅੱਜ ਅਸੀਂ ਹੱਥੀਂ ਕੰਮ ਕਰਨ ਦੀ ਬਜਾਏ ਦੂਸਰੇ ਦੀ ਜੇਬ 'ਤੇ ਟੇਕ ਲਾਈ ਬੈਠੇ ਹਾਂ।

ਇਤਿਹਾਸ ਨੂੰ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਪਰਿਵਾਰ ਵਿਚ ਮੁਖੀਏ ਦਾ ਬਹੁਤ ਯੋਗਦਾਨ ਹੁੰਦਾ ਸੀ। ਉਹ ਸਾਰੇ ਪਰਿਵਾਰ ਦਾ ਖਿਆਲ ਰੱਖਦਾ ਸੀ ਅਤੇ ਸਾਰੇ ਪਰਿਵਾਰ ਦੇ ਮੈਂਬਰ ਉਸ ਦਾ ਸਤਿਕਾਰ ਕਰਦੇ ਸਨ। ਉਸ ਦੀ ਹਰ ਗੱਲ ਨੂੰ ਕਾਨੂੰਨ ਵਾਂਗੂੰ ਸਮਝਿਆ ਜਾਂਦਾ ਸੀ ਪਰ ਅੱਜ ਅਸੀਂ ਵੱਡਿਆਂ ਦਾ ਆਦਰ ਤੇ ਛੋਟਿਆਂ ਨਾਲ ਪਿਆਰ ਕਰਨਾ ਭੁਲ ਗਏ ਹਾਂ। ਵਿਦਿਆ ਤਾਂ ਵਿਚਾਰਨ ਵਾਲੀ ਚੀਜ਼ ਹੈ ਅਤੇ ਇਹ ਬਹੁਤ ਹੀ ਉਪਕਾਰੀ ਹੈ। ਸੋ ਸਾਨੂੰ ਆਪਣੇ ਵੱਡਿਆਂ ਦਾ ਆਦਰ ਕਰਦੇ ਹੋਏ ਉਨ੍ਹਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਭਾਰਤ ਪਹਿਲਾਂ ਮੁਗਲਾਂ ਤੇ ਫਿਰ ਅੰਗਰੇਜ਼ਾਂ ਦਾ ਗੁਲਾਮ ਰਿਹਾ ਹੈ। ਸਮੇਂ ਸਮੇਂ 'ਤੇ ਆਜ਼ਾਦੀ ਦੇ ਪਰਵਾਨਿਆਂ ਨੇ ਜਾਨ ਦੀ ਬਾਜ਼ੀ ਲਗਾ ਕੇ ਮੁਲਕ ਨੂੰ ਆਜ਼ਾਦ ਕਰਾਇਆ। ਆਜ਼ਾਦੀ ਦੇ ਵਿਚ ਔਰਤਾਂ ਦਾ ਬਹੁਤ ਹੀ ਯੋਗਦਾਨ ਰਿਹਾ। ਪਰ ਕੀ ਅਸੀਂ ਅੱਜ ਔਰਤ ਨੂੰ ਪੂਰਾ ਸਨਮਾਨ ਦੇ ਰਹੇ ਹਾਂ। ਔਰਤ ਦੀ ਅਜੇ ਵੀ ਬਹੁਤ ਦੁਰਦਸ਼ਾ ਹੈ। ਆਜ਼ਾਦੀ ਦੇ ਪਰਵਾਨਿਆਂ ਨੇ, ਜਿਨ੍ਹਾਂ ਨੇ ਆਪਣੀ ਜਵਾਨੀ ਦੀ ਪ੍ਰਵਾਹ ਨਹੀਂ ਕੀਤੀ, ਹੱਸ ਹੱਸ ਕੇ ਫਾਂਸੀਆਂ ਦੇ ਰੱਸੇ ਚੁੰਮ ਕੇ ਆਪਣੇ ਗਲੇ ਵਿਚ ਪਾਏ ਪਰ ਅੱਜ ਦੀਆਂ ਸਰਕਾਰਾਂ ਨੇ ਉਨ੍ਹਾਂ ਦੀਆਂ ਵੱਡਮੁੱਲੀਆਂ ਸ਼ਹੀਦੀਆਂ 'ਤੇ ਹੋਣ ਵਾਲੀਆਂ ਸਰਕਾਰੀ ਛੁਟੀਆਂ ਖਤਮ ਕਰਕੇ ਇਤਿਹਾਸ ਨਾਲ ਖਿਲਵਾੜ ਕੀਤਾ ਹੈ। ਡਾ: ਭੀਮ ਰਾਓ ਅੰਬੇਡਕਰ ਦੀ ਸਮਾਜ ਨੂੰ ਤੇ ਸਮੁੱਚੇ ਭਾਰਤ ਨੂੰ ਕੋਈ ਛੋਟੀ ਦੇਣ ਨਹੀਂ। ਉਨ੍ਹਾਂ ਨੇ ਸਾਰਾ ਜੀਵਨ ਔਕੜਾਂ ਵਿਚ ਗੁਜ਼ਾਰਦੇ ਹੋਏ ਭਾਰਤ ਨੂੰ ਸੁਨਹਿਰਾ ਸੰਵਿਧਾਨ ਸੌਂਪਿਆ, ਅੱਜ ਦੀ ਸਰਕਾਰ ਉਨ੍ਹਾਂ ਦੇ ਜਨਮ ਦਿਨ ਦੀ ਛੁਟੀ ਖਤਮ ਕਰਕੇ ਸਾਡੇ ਰਹਿਬਰਾਂ ਦੇ ਸੁਨਹਿਰੀ ਇਤਿਹਾਸ ਨੂੰ ਖਤਮ ਕਰਨਾ ਚਾਹੁੰਦੀ ਹੈ। ਸੋ ਆਓ ਰਲ-ਮਿਲ ਕੇ ਉਨ੍ਹਾਂ ਦੇ ਜਨਮ ਦਿਨ ਮਨਾਈਏ ਅਤੇ ਉਨ੍ਹਾਂ ਦੇ ਵੱਡਮੁੱਲੇ ਸੰਦੇਸ਼ ਨੂੰ ਯਾਦ ਰੱਖਦੇ ਹੋਏ ਤਰੱਕੀ ਦਾ ਰਾਹ ਅਖਤਿਆਰ ਕਰੀਏ।

ਆਓ ਆਪਾਂ ਸਾਰੇ ਰਲ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਸ਼ੁਭ ਦਿਹਾੜੇ 'ਤੇ ਪ੍ਰਣ ਕਰੀਏ ਕਿ ਆਪਾਂ ਉਨ੍ਹਾਂ ਦੁਆਰਾ ਦਰਸਾਏ ਮਾਰਗ 'ਹੱਕ ਤੇ ਸੱਚ' 'ਤੇ ਚੱਲਦੇ ਹੋਏ ਤਰੱਕੀ ਕਰੀਏ ਅਤੇ ਸਮਾਜ ਵਿਚ ਫੈਲ ਚੁੱਕੀਆਂ ਬੁਰਾਈਆਂ ਨੂੰ ਖਤਮ ਕਰਕੇ ਉਨ੍ਹਾਂ ਦੁਆਰਾ ਦਰਸਾਏ ਗਏ ਬੇਗਮਪੁਰੇ ਦੇ ਮਹੱਲ ਨੂੰ ਉਸਾਰੀਏ। ਜੇਕਰ ਅਸੀਂ ਗੁਰੂ ਦੇ ਸੰਦੇਸ਼ ਤੋਂ ਉਖੜ ਗਏ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਵੀ ਮੁਆਫ ਨਹੀਂ ਕਰਨਗੀਆਂ।

*—ਬਖਸ਼ੀ ਰਾਮ, ਪਿੰਡ ਦਰਾਵਾਂ, ਜ਼ਿਲ੍ਹਾ ਜਲੰਧਰ*

* * *

# ਦਲਿਤਾਂ ਦੀ ਦੀਵਾਲੀ ?

ਪੜ੍ਹ-ਲਿਖ ਕੇ ਸਾਡਾ ਦਲਿਤ ਸਮਾਜ ਅੱਜ ਵੀ ਅਖੌਤੀ ਮੰਨੂਵਾਦੀ ਦੇਵਤਿਆਂ ਦੇ ਗੁਣ ਗਾ ਰਿਹਾ ਹੈ ਕਿਉਂ ? ਆਪਣੇ ਗੁਰੂ ਸਾਹਿਬਾਨ ਆਪਣੇ ਰਹਿਬਰ ਕਿਸੇ ਨਾਲੋਂ ਘੱਟ ਸ਼ਕਤੀ ਵਾਲੇ ਹਨ ? ਉਨ੍ਹਾਂ ਵਿਚ ਕੀ ਕਮੀ ਹੈ ? ਉਨ੍ਹਾਂ ਸਾਡੇ ਵਾਸਤੇ ਆਵਾਜ਼ ਬੁਲੰਦ ਕੀਤੀ। ਜਿਵੇਂ ਸਤਿਗੁਰੂ ਕਬੀਰ ਸਾਹਿਬ ਜੀ ਨੇ ਜਿਸ ਸਮੇਂ ਦਲਿਤ ਇਨਸਾਨ ਨੂੰ ਬ੍ਰਾਹਮਣਵਾਦ ਇਨਸਾਨ ਨਹੀਂ ਸਮਝਦੇ ਸਨ। ਜਾਨਵਰਾਂ, ਪਸ਼ੂਆਂ ਨਾਲੋਂ ਵੀ ਭੈੜਾ ਸਲੂਕ ਦਲਿਤ ਇਨਸਾਨ ਨਾਲ ਕੀਤਾ ਜਾਂਦਾ ਸੀ। ਉਸ ਵੇਲੇ ਸਤਿਗੁਰੂ ਜੀ ਨੇ ਅਖੌਤੀ ਉੱਚੀਆਂ ਕੌਮਾਂ ਕੋਲੋਂ ਇੰਝ ਪੁਛਿਆ :

"ਜੇ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ ਆਨ ਬਾਟ ਕਾਹੇ ਨਹੀ ਆਇਆ" ਇਹ ਕੋਈ ਛੋਟੀ ਜਿਹੀ ਗੱਲ ਨਹੀਂ ਜੋ ਉਨ੍ਹਾਂ ਬ੍ਰਾਹਮਣਾਂ ਕੋਲੋਂ ਪੁਛੀ। ਇਹ ਗੱਲ ਉਨ੍ਹਾਂ ਨੇ ਸਾਡੇ ਨਾਲ ਹੋ ਰਹੇ ਜ਼ੁਲਮਾਂ, ਨਾ ਬਰਾਬਰਤਾ ਨੂੰ ਵੇਖ ਕੇ ਕਿਹਾ ਸੀ। ਧੰਨ ਧੰਨ ਗਰੀਬ ਨਿਵਾਜ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਵੀ ਆਪਣੇ ਦੱਬੇ ਕੁੱਚਲੇ ਸਮਾਜ ਲਈ ਇਸ ਤਰ੍ਹਾਂ ਉਚਾਰਨ ਕੀਤਾ : "ਐਸਾ ਚਾਹੂੰ ਰਾਜ ਮੈ ਜਹਾਂ ਮਿਲੈ ਸਭਨ ਕੋ ਅੰਨ ॥ ਛੋਟ ਬੜੇ ਸਭ ਸਮ ਵਸੈ ਰਵਿਦਾਸ ਰਹੈ ਪ੍ਰਸੰਨ ॥" ਸਤਿਗੁਰੂ ਜੀ ਨੇ ਸਿੱਧਾ ਅਕਾਲ ਪੁਰਖ ਨੂੰ ਕਿਹਾ ਕਿਉਂਕਿ ਉਸ ਵੇਲੇ ਬ੍ਰਾਹਮਣਵਾਦ ਦਾ ਬਹੁਤ ਹੀ ਜ਼ਿਆਦਾ ਬੋਲਬਾਲਾ ਸੀ। ਦੱਬੇ ਕੁਚਲੇ ਲੋਕ ਭੁਖੇ ਮਰ ਰਹੇ ਸਨ। ਕੋਈ ਇਨਸਾਫ਼ ਨਹੀਂ ਸੀ ਹੋ ਰਿਹਾ। ਐਸੇ ਰਾਜ ਦੀ ਇਸ ਲਈ ਮੰਗ ਕੀਤੀ ਕਿਉਂਕਿ ਉਨ੍ਹਾਂ ਕੋਲੋਂ ਦੁੱਖ ਦੇਖੇ ਨਹੀਂ ਗਏ। ਇਹ ਸਭ ਦਲਿਤ ਸਮਾਜ ਨੂੰ ਬਰਾਬਰ ਕਰਨ ਲਈ ਉਨ੍ਹਾਂ ਕਿਹਾ ਸੀ, ਸਾਡੇ ਵਾਸਤੇ ਆਵਾਜ਼ ਉਠਾਈ ਸੀ।

ਉਨ੍ਹਾਂ ਤੋਂ ਬਾਅਦ ਦਲਿਤਾਂ ਦੇ ਮਸੀਹਾ ਦੇ ਰੂਪ ਵਿਚ ਆਏ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ, ਉਨ੍ਹਾਂ ਕੋਲੋਂ ਵੀ ਆਪਣੇ ਸਮਾਜ ਨਾਲ ਹੋ ਰਹੇ ਵਿਤਕਰੇ ਦੁੱਖ-ਤਕਲੀਫ਼ਾਂ ਸਹਿਣ ਨਾ ਹੋਈਆਂ। ਉਨ੍ਹਾਂ ਨੇ ਵੱਧ ਤੋਂ ਵੱਧ ਪੜ੍ਹ-ਲਿਖ ਕੇ, ਦੁੱਖ ਤਕਲੀਫ਼ਾਂ ਝੱਲ ਕੇ ਸਮਾਜ ਦੀ ਖਾਤਰ ਆਪਣੇ ਆਪ ਨੂੰ ਮਨੂੰਵਾਦੀ ਸਮਾਜ ਨਾਲ ਕਾਨੂੰਨੀ ਤੌਰ 'ਤੇ ਹੱਕ ਲੈਣ ਲਈ ਤਿਆਰ ਕੀਤਾ। ਉਹਨਾਂ ਹੱਕ ਲੈ ਕੇ ਵੀ ਦਿੱਤੇ ਜਿਵੇਂ—ਮੁੱਖ ਹੱਕ ਵੋਟ ਪਾਉਣ ਦਾ, ਜ਼ਮੀਨ ਖਰੀਦਣ ਦਾ, ਮਿਸਾਲ ਦੇ ਤੌਰ 'ਤੇ ਇਸ ਵੇਲੇ ਭਾਵੇਂ ਸਾਰਾ ਪਿੰਡ ਖਰੀਦ ਲਓ। ਇਸ ਤੋਂ ਇਲਾਵਾ ਹੋਰ ਅਜਿਹੇ ਹੱਕ ਕਈ ਹਨ ਜੋ ਦਲਿਤ ਸਮਾਜ ਨੂੰ ਨਹੀਂ ਸਨ। ਵੋਟ ਦਾ ਹੱਕ ਇਸ ਵੇਲੇ ਮਨੂੰਵਾਦੀ ਸੋਚ ਵਾਲੀਆਂ ਪਾਰਟੀਆਂ ਜੋ ਮਨੂੰਵਾਦੀ ਸਮਾਜ ਡਾ: ਬਾਬਾ ਸਾਹਿਬ ਜੀ ਨੂੰ ਸਕੂਲ ਵਿਚ ਬੈਠ ਕੇ ਪੜ੍ਹਨ ਨਹੀਂ ਸਨ ਦਿੰਦੇ, ਬੜੌਦਾ ਦੇ ਮਹਾਰਾਜੇ ਦਾ ਬਾਬਾ ਸਾਹਿਬ ਜੀ ਸੈਕਟਰੀ ਨਿਯੁਕਤ ਹੋਣ 'ਤੇ ਨਫਰਤ ਕਰਦਾ ਸੀ। ਅੱਜ ਉਹ ਮਨੂੰਵਾਦੀ ਸਮਾਜ ਵੋਟਾਂ ਦੀ ਖਾਤਰ ਬਾਬਾ ਸਾਹਿਬ ਜੀ ਦੀ ਪੂਜਾ ਕਰ ਰਿਹਾ ਹੈ। ਦਲਿਤ ਸਮਾਜ ਦੀ ਖਾਤਿਰ ਗੱਲ ਕਰਨੀ ਪੈ ਰਹੀ ਹੈ। ਦਲਿਤਾਂ ਕੋਲੋਂ ਵੋਟਾਂ ਮੰਗਣ ਜਾਣਾ ਪੈ ਰਿਹਾ ਹੈ, ਵੋਟ ਦਾ ਅਧਿਕਾਰ ਕਰਕੇ ਦਲਿਤ ਸਮਾਜ ਦੀ ਪੁਛ ਪ੍ਰਤੀਤ ਹੋਈ ਹੈ। ਵੋਟਾਂ ਨਾਲ ਦਲਿਤ ਸਮਾਜ 'ਚੋਂ ਕਈ ਮੰਤਰੀ ਬਣੇ ਹਨ। ਇਸ ਤੋਂ ਇਲਾਵਾ ਬਾਬਾ ਸਾਹਿਬ ਜੀ ਨੇ ਮਨੂੰਵਾਦੀ ਕਾਨੂੰਨਾਂ ਨੂੰ ਸਾੜ ਕੇ ਆਪ ਕਾਨੂੰਨਾਂ ਦਾ ਸੰਵਿਧਾਨ ਲਿਖ ਦਿੱਤਾ। ਇਸ ਸੰਵਿਧਾਨ ਨੂੰ ਮਨੂੰਵਾਦੀ ਸਮਾਜ ਨੂੰ ਮੰਨਣਾ ਪੈ ਗਿਆ ਹੈ। ਪਰ ਬੜੇ ਅਫਸੋਸ ਦੀ ਗੱਲ ਹੈ ਜਿਨ੍ਹਾਂ ਰਹਿਬਰਾਂ ਨੇ ਸਮਾਜ ਦੀ ਖਾਤਰ ਐਨਾ ਕੁਝ ਕੀਤਾ ਹੋਵੇ, ਉਨ੍ਹਾਂ ਨੂੰ ਅੱਜ ਅਸੀਂ ਭੁਲਾਈ ਬੈਠੇ ਹਾਂ। ਉਨ੍ਹਾਂ ਦਾ ਨਾਂ ਤਕ ਨਹੀਂ ਲਿਆ ਜਾ ਰਿਹਾ। ਗੁਣ ਉਨ੍ਹਾਂ ਦੇ ਗਾਏ ਜਾਂਦੇ ਹਨ ਜਿਨ੍ਹਾਂ ਸਮਾਜ ਨੂੰ ਦਬਾਈ ਰੱਖਿਆ, ਗੁਣ ਉਨ੍ਹਾਂ ਦੇ ਗਾਏ ਜਾਂਦੇ ਹਨ, ਦੀਵਾਲੀਆਂ ਉਨ੍ਹਾਂ ਦੀਆਂ ਮਨਾਈਆਂ ਜਾਂਦੀਆਂ ਹਨ ਜਿਨ੍ਹਾਂ ਸਾਡੇ ਮਹਾਨ ਤਪੱਸਵੀ ਭਗਤੀ ਕਰ ਰਹੇ ਸ਼ੰਭੂਕ ਰਿਸ਼ੀ ਜੀ ਦਾ ਕਤਲ ਕਰਵਾ ਦਿੱਤਾ ਸੀ।

ਅਸੀਂ ਗੁਰੂ ਸਾਹਿਬਾਨ ਦੇ ਕਹਿਣ ਦੇ ਬਾਵਜੂਦ ਅਖੌਤੀ ਭਗਵਾਨਾਂ ਦੀ ਪੂਜਾ ਵਿਚ ਲੱਗੇ ਹੋਏ ਹਾਂ। ਮੰਨੋ ਰਾਮ ਨੂੰ ਪਰ ਜਿਸ ਨੂੰ ਸਾਡੇ ਗੁਰੂ ਸਾਹਿਬਾਨ ਮੰਨਦੇ ਸਨ :

**ਰਵਿਦਾਸ ਹਮਾਰੇ ਰਾਜ ਜੀ, ਦਸਰਥ ਕਾ ਸੁਤ ਨਾਹੀ ॥**
**ਰਾਮ ਹਮੀ ਮਹਿ ਰਮਿ ਰਹਯੋ, ਵਿਸ਼ਵ ਕੁਟੰਬ ਮਾਹਿ ॥**

ਕਦੇ ਕਿਸੇ ਨੇ ਇਹ ਸ਼ਬਦ ਨਹੀਂ ਆਖੇ ਕਿ ਅੱਜ ਅਸੀਂ ਬਾਬਾ ਸਾਹਿਬ ਡਾ: ਅੰਬੇਡਕਰ ਜੀ ਦੀ ਬਦੌਲਤ ਪੜ੍ਹ-ਲਿਖ ਕੇ ਨੌਕਰੀ ਲੱਗੇ ਹਾਂ। ਇਹ ਨਾ ਸਮਝੋ ਕਿ ਇਸ ਮੰਜ਼ਿਲ ਨੂੰ ਤੁਸੀਂ ਖੁਦ ਪਾਇਆ ਹੈ, ਇਹ ਸਭ ਬਾਬਾ ਜੀ ਦੀ ਦੇਣ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ, ਸਤਿਗੁਰੂ ਕਬੀਰ ਸਾਹਿਬ ਜੀ, ਸ੍ਰੀ ਗੁਰੂ ਨਾਨਕ ਦੇਵ ਜੀ, ਭਗਵਾਨ ਵਾਲਮੀਕ ਜੀ, ਸਾਡੇ ਹੋਰ ਰਹਿਬਰ ਅਤੇ ਬਾਬਾ ਸਾਹਿਬ ਡਾ: ਭੀਮ ਰਾਓ ਜੀ ਬਾਰੇ ਆਪਣਿਆਂ ਬੱਚਿਆਂ ਨੂੰ ਸਿਖਿਅਤ ਕਰੋ ਜਿਨ੍ਹਾਂ ਦਲਿਤ ਸਮਾਜ ਨੂੰ ਇਨਸਾਨਾਂ ਵਾਲੀ ਜ਼ਿੰਦਗੀ ਜਿਊਣ ਦੇ ਹੱਕ ਲੈ ਕੇ ਦਿੱਤੇ। ਕਿਉਂ ਨਾ ਮਨੂੰਵਾਦੀ ਦੀਵਾਲੀਆਂ ਦਾ ਤਿਆਗ ਕਰਕੇ ਉਪਰੋਕਤ ਰਹਿਬਰਾਂ ਦੇ ਪ੍ਰਗਟ ਦਿਵਸ ਦੀਵਾਲੀ ਵਾਂਗ ਆਪਣੇ ਘਰਾਂ ਉੱਪਰ ਦੀਪਮਾਲਾ ਕਰਕੇ ਮਨਾਈਏ। ਆਓ ਅੱਜ ਅਸੀਂ ਸਾਰੇ ਇਹੋ ਸੰਕਲਪ ਲਈਏ ਕਿ ਦਲਿਤਾਂ ਦੀ ਦੀਵਾਲੀ ਸਾਡੇ ਗੁਰੂ ਸਾਹਿਬਾਨ ਦੇ ਪ੍ਰਗਟ ਦਿਵਸ ਹਨ।

*—ਡਾ: ਅਸ਼ੋਕ ਕੁਮਾਰ ਭਟੋਆ, ਹੁਸ਼ਿਆਰਪੁਰ।*

* * *

# ਜਗਤ ਦੇ ਗੁਰੂ, ਗੁਰੂ ਰਵਿਦਾਸ

ਸਭ ਜੀਵ ਪ੍ਰਮਾਤਮਾ ਦੀ ਸੰਤਾਨ ਹਨ। ਸਭ ਵਿਚ ਪੂਰਨ ਸਮਾਨਤਾ ਹੈ। ਪ੍ਰਭੂ ਦਾ ਮਿਲਾਪ ਜਾਤਾਂ-ਪਾਤਾਂ, ਮਜ਼੍ਹਬਾਂ-ਮੁਲਕਾਂ, ਕੌਮਾਂ-ਨਸਲਾਂ ਕਰਕੇ ਨਹੀਂ, ਆਪਣੇ ਕੀਤੇ ਕਰਮਾਂ ਕਾਰਨ ਹੈ, ਜਿਸ ਨੂੰ ਮਿਲਣਾ ਸਾਡੇ ਜੀਵਨ ਦਾ ਉਦੇਸ਼ ਹੈ। ਉਹ ਸਾਰੇ ਸੰਸਾਰ ਦਾ ਹੀ ਇਕੋ ਇਕ ਪ੍ਰਮੇਸ਼ਰ ਹੈ। ਜਾਤਾਂ ਤੇ ਧਰਮ ਅਨੇਕ ਹੋ ਸਕਦੇ ਹਨ ਪਰ ਪ੍ਰਮਾਤਮਾ ਨਹੀਂ। ਉਹ ਇਹਨਾਂ ਬਖੇੜਿਆਂ ਤੋਂ ਉੱਪਰ ਹੈ। ਇਹਨਾਂ ਬਾਹਰਮੁਖੀ ਵਿਤਕਰਿਆਂ ਦਾ ਪ੍ਰਭੂ ਦੀ ਭਗਤੀ ਨਾਲ ਕੋਈ ਸੰਬੰਧ ਨਹੀਂ। ਜੇਕਰ ਸਾਡੀਆਂ ਨੀਤਾਂ ਵਿਚ ਖੋਟਾਂ ਹਨ ਤਾਂ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਅਸੀਂ ਆਪਣੇ ਮਨ ਵਿਚ ਜਿਥੇ ਪਰਮਾਤਮਾ ਨੂੰ ਵਸਾਉਣਾ ਹੈ, ਉਥੇ ਅਨੇਕਾਂ ਵਿਸ਼ੇ ਵਿਕਾਰ ਵਸਾਈ ਬੈਠੇ ਹਾਂ। ਅਸੀਂ ਬਹੁਤ ਸਾਰੇ ਕਰਮ-ਕਾਂਡ, ਜਪ-ਤਪ, ਰਿੱਧੀਆਂ-ਸਿੱਧੀਆਂ ਕਰਦੇ ਹਾਂ ਪਰ ਫਿਰ ਵੀ ਪ੍ਰਮਾਤਮਾ ਮਿਲ ਨਹੀਂ ਰਿਹਾ। ਕਾਰਨ ਇਹ ਹੈ ਕਿ ਪ੍ਰਮਾਤਮਾ ਨੂੰ ਪਾਉਣ ਵਾਸਤੇ ਕਿਸੇ ਸੱਚੇ ਗੁਰੂ ਦੀ ਲੋੜ ਹੈ। ਸੱਚੇ ਗੁਰੂ ਦੁਨੀਆਂ 'ਤੇ ਬਹੁਤ ਘੱਟ ਮਿਲਦੇ ਹਨ ਪਰੰਤੂ ਸੱਚੇ ਗੁਰੂ ਨੂੰ ਪਹਿਚਾਨਣ ਲਈ ਮਨੁੱਖ ਵਿਚ ਸਮਰੱਥਾ ਵੀ ਹੋਣੀ ਚਾਹੀਦੀ ਹੈ। ਸਦੀਆਂ ਬੀਤ ਚੁੱਕੀਆਂ ਹਨ ਗੁਰੂ ਰਵਿਦਾਸ ਜੀ ਨੂੰ ਦੁਨੀਆਂ 'ਤੇ ਆਇਆਂ ਪਰ ਅਜੇ ਤੱਕ ਅਸੀਂ ਉਨ੍ਹਾਂ ਨੂੰ ਸਮਝ ਨਹੀਂ ਸਕੇ ਹਾਂ। ਗੁਰੂ ਰਵਿਦਾਸ ਜੀ ਕ੍ਰਾਂਤੀਕਾਰੀ ਜਗਤ ਗੁਰੂ ਹੋਏ ਹਨ। ਗੁਰੂ ਜੀ ਦੁਨੀਆਂ ਦੇ ਦੱਬੇ-ਕੁਚਲੇ, ਜ਼ੁਲਮ ਸਹਿੰਦੇ, ਛੂਆ-ਛਾਤ, ਊਚ-ਨੀਚ, ਰੰਗ-ਨਸਲ ਦੇ ਭੇਦ ਭਾਵ ਤੋਂ ਲਤਾੜੇ ਲੋਕਾਂ ਦਾ ਮਸੀਹਾ ਬਣ ਕੇ ਅੱਜ ਤੋਂ 629 ਸਾਲ ਪਹਿਲਾਂ ਦੁਨੀਆਂ ਉੱਤੇ ਆਏ। ਛੂਤ-ਛਾਤ ਦੀ ਚੱਕੀ ਵਿਚ ਪਿਸ ਰਹੇ ਲੋਕਾਂ ਲਈ ਉਹਨਾਂ ਸੰਘਰਸ਼ ਆਰੰਭ ਕੀਤਾ। ਸਮੇਂ ਦੇ ਜ਼ਾਲਮ ਰਾਜਿਆਂ ਅਤੇ ਅਤਿ-ਜ਼ਾਲਮ ਅਖੌਤੀ ਸਵਰਨਾਂ ਨੂੰ ਵੰਗਾਰਿਆ। ਉਹਨਾਂ ਦੇ ਧਰਮ ਸ਼ਾਸਤਰਾਂ ਨੂੰ ਦਲੀਲਾਂ ਨਾਲ ਰੱਦ ਕਰਕੇ ਇਕ ਨਵੇਂ ਧਰਮ ਦੀ ਸਥਾਪਨਾ ਕੀਤੀ। ਜਿਸ ਸਦਕਾ ਭਾਰਤ ਵਿਚ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਸੰਸਾਰ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਕਿ ਦੱਬੇ-ਕੁਚਲੇ ਲੋਕਾਂ ਵਿਚ ਜਨਮ ਲੈਣ ਵਾਲਾ ਰਹਿਬਰ, ਰਾਜੇ, ਮਹਾਂਰਾਜਿਆਂ ਅਤੇ ਅਖੌਤੀ ਸਵਰਨਾਂ ਦਾ ਗੁਰੂ ਬਣਿਆ ਹੋਵੇ। ਹਿੰਦੁਸਤਾਨ ਦੀ ਤਾਰੀਖ ਵਿਚ ਇਹ ਅਨਹੋਣੀ

ਘਟਨਾ ਸੀ ਕਿ ਦੱਬੇ-ਕੁਚਲੇ, ਅਛੂਤ ਲੋਕਾਂ ਦਾ ਸਿਰ ਉੱਚਾ ਹੋਇਆ ਹੋਵੇ। ਗੁਰੂ ਰਵਿਦਾਸ ਜੀ ਖ਼ੁਦ ਹੀ ਲਿਖਦੇ ਹਨ :

ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ,
ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥

ਭਾਵ : ਮੈਂ ਹਰ ਰੋਜ਼ ਬਨਾਰਾਸ ਦੇ ਆਸ-ਪਾਸ ਮਰੇ ਹੋਏ ਪਸ਼ੂਆਂ ਨੂੰ ਢੋਂਦਾ ਤੇ ਉਹਨਾਂ ਦੀਆਂ ਖੱਲਾਂ ਉਤਾਰਦਾ ਹਾਂ। ਫਿਰ ਵੀ ਹਿੰਦੂ ਧਰਮ ਦੇ ਧਰਮ-ਕਰਮ ਵਿਚ ਪਰਪੱਕ ਮੰਨੇ-ਪ੍ਰਮੰਨੇ ਬ੍ਰਾਹਮਣ ਆਗੂ ਮੈਨੂੰ ਪ੍ਰਭ ਦੇ ਦਾਸਾਂ ਦੇ ਦਾਸ ਰਵਿਦਾਸ ਨੂੰ 'ਗੁਰੂ' ਪ੍ਰਵਾਨ ਕਰਕੇ ਸ਼ਰਧਾ ਨਾਲ ਲੰਮੇ ਪੈ ਕੇ ਡੰਡਉਤ ਕਰਦੇ ਹਨ।

ਇਤਿਹਾਸ ਵਿਚ ਆਉਂਦਾ ਹੈ ਕਿ ਗੁਰੂ ਰਵਿਦਾਸ ਜੀ ਦੇ 52 ਰਾਜਪੂਤ ਰਾਜੇ ਅਤੇ ਚਾਰ ਵਿਦੇਸ਼ੀ ਰਾਜੇ ਸੇਵਕ ਸਨ। ਇਸ ਤਰ੍ਹਾਂ ਕੁਲ 56 ਰਾਜੇ ਗੁਰੂ ਰਵਿਦਾਸ ਜੀ ਦੇ ਚਰਨਾਂ ਦਾ ਅੰਮ੍ਰਿਤ ਪੀ ਕੇ ਭਵਸਾਗਰ ਤੋਂ ਪਾਰ ਹੋ ਗਏ ਪਰੰਤੂ ਅਸੀਂ ਗੁਰੂ ਰਵਿਦਾਸ ਜੀ ਨੂੰ ਨਹੀਂ ਸਮਝਿਆ, ਇਸੇ ਲਈ ਦਰ ਦਰ 'ਤੇ ਠੋਕਰਾਂ ਖਾ ਰਹੇ ਹਾਂ। ਸੋ ਆਓ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਪੜ੍ਹੀਏ, ਸਮਝੀਏ ਅਤੇ ਆਪਣੇ ਜੀਵਨ ਵਿਚ ਢਾਲ ਕੇ ਇਕ ਸੱਚੇ ਗੁਰੂ, ਜਗਤ ਗੁਰੂ ਦੇ ਲੜ ਲੱਗੀਏ।

*—ਅਮਰਜੀਤ ਸਿੰਘ ਬਿੱਲਾ (ਮੈਂਬਰ ਪੰਚਾਇਤ), ਲੰਗੜੋਆ (ਨਵਾਂ ਸ਼ਹਿਰ)*

* * *

## ਕਹਿ ਰਵਿਦਾਸ ਖਲਾਸ ਚਮਾਰਾ॥

ਅੱਜ ਅਸੀਂ ਗੁਰੂ ਰਵਿਦਾਸ ਜੀ ਦਾ 629ਵਾਂ ਆਗਮਨ ਪੁਰਬ ਮਨ੍ਹਾਂ ਰਹੇ ਹਾਂ। ਜਿਥੇ ਜਿਥੇ ਵੀ ਗੁਰੂ ਰਵਿਦਾਸ ਨਾਮ ਲੇਵਾ ਸੰਗਤ ਵੱਸਦੀ ਹੈ ਉਥੇ ਉਹ ਇਸ ਮਹਾਨ ਪੁਰਬ 'ਤੇ ਆਪਣੇ ਰਹਿਬਰ ਨੂੰ ਯਾਦ ਜ਼ਰੂਰ ਕਰਦੀ ਹੈ ਪਰੰਤੂ ਵੇਖਣ ਵਿਚ ਆਇਆ ਹੈ ਕਿ ਗੁਰੂ ਰਵਿਦਾਸ ਜੀ ਦੇ ਦਰਸਾਏ ਉਪਦੇਸ਼ ਤੋਂ ਸਦੀਆਂ ਬੀਤ ਜਾਣ ਤੋਂ ਬਾਅਦ ਵੀ ਅੱਜ ਅਸੀਂ ਇਸ ਤੋਂ ਕੋਹਾਂ ਦੂਰ ਹਾਂ। ਅਸੀਂ ਕੇਵਲ ਜਨਮ ਦਿਨ ਜਾਂ ਕੁਝ ਦਿਨ ਪਹਿਲਾਂ ਬੜੇ ਜ਼ੋਰ-ਸ਼ੋਰ ਨਾਲ ਜੈ ਰਵਿਦਾਸ....ਦੇ ਜੈਕਾਰੇ ਲਾਉਂਦੇ ਹਾਂ, ਪਾਠਾਂ ਦੀਆਂ ਲੜੀਆਂ, ਪ੍ਰਭਾਤ ਫੇਰੀਆਂ, ਨਗਰ ਕੀਰਤਨ ਕੱਢਦੇ ਹਾਂ ਪਰ ਜਨਮ ਦਿਨ ਲੰਘ ਜਾਣ ਤੋਂ ਬਾਅਦ ਸੁਸਰੀ ਵਾਂਗ ਸੌਂ ਜਾਂਦੇ ਹਾਂ, ਫਿਰ ਸਾਰਾ ਸਾਲ ਗੁਰੂ ਜੀ ਨੂੰ ਯਾਦ ਵੀ ਨਹੀਂ ਕਰਦੇ। ਅਜਿਹਾ ਕਰਨਾ ਠੀਕ ਨਹੀਂ।

ਇਕ ਹੋਰ ਗੱਲ ਵਿਚਾਰਨਯੋਗ ਹੈ ਕਿ ਗੁਰੂ ਜੀ ਨੇ ਆਪਣੀ ਬਾਣੀ ਵਿਚ ਬੜੇ ਫ਼ਖਰ ਨਾਲ ਲਿਖਿਆ ਹੈ "ਕਹਿ ਰਵਿਦਾਸ ਖਲਾਸ ਚਮਾਰਾ" ਪਰੰਤੂ ਸਾਡੇ ਕੁਝ ਅਮੀਰ ਬਣ ਗਏ ਜਾਂ ਅਫਸਰ ਬਣੇ ਭੈਣ ਭਰਾ ਆਪਣੇ ਆਪ ਨੂੰ ਚਮਾਰ ਕਹਾਉਂਦੇ ਹੀ ਨਹੀਂ। ਉਚ ਜਾਤੀਏ ਬਣੀ ਫਿਰਦੇ ਹਨ। ਇਹ ਤਾਂ "ਆਪਣੇ ਬਾਪ ਦੀ ਔਲਾਦ" ਹੋਣ ਤੋਂ ਇਨਕਾਰੀ ਹੋਣ ਵਾਲੀ ਗੱਲ ਹੈ। ਸੋ ਭਾਈ! ਅਸੀਂ ਗੁਰੂ ਰਵਿਦਾਸ ਜੀ ਦੀ ਔਲਾਦ ਹਾਂ। ਜੇ ਸਾਡੇ ਬਾਪ ਨੇ ਆਪਣੀ ਜਾਤ ਨਹੀਂ ਲਕੋਈ

ਤਾਂ ਅਸੀਂ ਆਪਣੀ ਜਾਤ ਕਿਉਂ ਲੁਕਾਉਂਦੇ ਫਿਰ ਰਹੇ ਹਾਂ। ਗੁਰੂ ਜੀ ਦਾ ਜਨਮ ਦਿਹਾੜਾ ਮਨਾਉਣ ਵਾਲਿਓ ਆਓ! ਇਹ ਸੰਕਲਪ ਕਰੀਏ ਕਿ ਅਸੀਂ ਆਪ ਜਾਤ ਨਹੀਂ ਲੁਕਾਵਾਂਗੇ ਅਤੇ ਸਾਰਾ ਸਾਲ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਅਪਣਾਵਾਂਗੇ ਅਤੇ ਪ੍ਰਚਾਰਾਂਗੇ।

*—ਪੰਕਜ ਅਹੀਰ, ਬਾਠਕਲਾਂ, ਨਕੋਦਰ, ਜਲੰਧਰ।*

* * *

## ਕੀ ਅਸੀਂ ਗੁਰੂ ਰਵਿਦਾਸ ਜੀ ਦੇ ਦਰਸਾਏ ਮਾਰਗ 'ਤੇ ਚੱਲ ਰਹੇ ਹਾਂ

ਪੰਜਾਬ ਦੇ ਲਗਭਗ ਹਰ ਪਿੰਡ ਵਿਚ, ਸ਼ਹਿਰ ਵਿਚ ਗੁਰੂ ਰਵਿਦਾਸ ਗੁਰਧਾਮ ਬਣਿਆ ਹੋਇਆ ਹੈ। ਗੁਰੂ ਰਵਿਦਾਸ ਮਿਸ਼ਨ ਨਾਲ ਸੰਬੰਧਿਤ ਪੰਜਾਬ ਵਿਚ ਬਹੁਤ ਸਾਰੇ ਸਥਾਪਿਤ ਡੇਰੇ ਪ੍ਰਚਾਰ ਵਿਚ ਲੱਗੇ ਹੋਏ ਹਨ। ਹਰ ਪਿੰਡ ਵਿਚ ਗੁਰੂ ਰਵਿਦਾਸ ਪੁਰਬ ਬੜੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਪਾਠਾਂ ਦੀਆਂ ਲੜੀਆਂ ਚੱਲਦੀਆਂ ਹਨ। ਪ੍ਰਭਾਤ ਫੇਰੀਆਂ, ਨਗਰ ਕੀਰਤਨ ਕੱਢੇ ਜਾਂਦੇ ਹਨ। ਏਨਾ ਪ੍ਰਚਾਰ ਹੋਣ ਦੇ ਬਾਵਜੂਦ ਵੀ ਸਾਡਾ ਕਿੰਨਾ ਕੁ ਸਮਾਜ ਗੁਰੂ ਜੀ ਦੇ ਦਰਸਾਏ ਮਾਰਗ 'ਤੇ ਚੱਲ ਰਿਹਾ ਹੈ। ਇਸ ਦੀ ਗਿਣਤੀ ਸ਼ਾਇਦ ਦਸ਼ਮਲਵਾਂ ਤੋਂ ਸ਼ੁਰੂ ਹੁੰਦੀ ਹੋਵੇਗੀ। ਗੁਰੂ ਰਵਿਦਾਸ ਮਾਰਗ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ। (1) ਸਿਧਾਂਤਕ ਜਾਂ ਵਿਚਾਰਧਾਰਾ ਵਾਲਾ ਮਾਰਗ, (2) ਅਧਿਆਤਮਕ ਮਾਰਗ। ਸਿਧਾਂਤਕ ਮਾਰਗ ਨੂੰ ਪਾਰ ਕੀਤੇ ਬਿਨਾਂ ਅਸੀਂ ਅਧਿਆਤਮਕ ਮਾਰਗ 'ਤੇ ਨਹੀਂ ਪਹੁੰਚ ਸਕਦੇ ਕਿਉਂਕਿ ਸਿਧਾਂਤਕ ਮਾਰਗ ਨੇ ਹੀ ਸਾਡੀ ਸੋਚ ਨੂੰ ਸ਼ੁੱਧ ਕਰਨਾ ਹੈ। ਅਸੀਂ ਸਿਧਾਂਤਕ ਮਾਰਗ ਤਾਂ ਅਜੇ ਫੜਿਆ ਨਹੀਂ ਹੁੰਦਾ, ਬੈਠ ਜਾਂਦੇ ਹਾਂ ਲਿਵ ਲਾਉਣ ਜਾਂ ਭਗਤੀ ਕਰਨ ਲਈ। ਫਿਰ ਕਹਿੰਦੇ ਹਾਂ ਕਿ ਸਾਡੀ ਪ੍ਰਮਾਤਮਾ ਨਾਲ ਬਿਰਤੀ ਨਹੀਂ ਲੱਗਦੀ। ਬਿਰਤੀ ਕਿਵੇਂ ਲੱਗੇਗੀ? ਅਸੀਂ ਗੁਰੂ ਵਿਚਾਰਧਾਰਾ ਜਾਂ ਸਿਧਾਂਤਾਂ ਨੂੰ ਆਪਣੇ ਜੀਵਨ ਵਿਚ ਢਾਲਿਆ ਨਹੀਂ ਹੈ। ਆਓ ਗੁਰੂ ਰਵਿਦਾਸ ਜੀ ਦੇ ਕੁਝ ਸਿਧਾਂਤਾਂ ਬਾਰੇ ਜਾਣੀਏ :

1. **ਪ੍ਰਮਾਤਮਾ ਕੇਵਲ ਇਕ ਹੈ :** ਜਿਵੇਂ ਕਿ ਕਿਹਾ ਜਾਂਦਾ ਹੈ ਕਿ ਬ੍ਰਹਮਾ ਦੁਨੀਆਂ ਨੂੰ ਪੈਦਾ ਕਰਦਾ ਹੈ, ਵਿਸ਼ਨੂੰ ਪਾਲਦਾ ਹੈ ਅਤੇ ਸ਼ਿਵਜੀ ਸੰਘਾਰ ਕਰਦਾ (ਮਾਰਦਾ) ਹੈ। ਇਸ ਵਿਚਾਰਧਾਰਾ ਨੂੰ ਗੁਰੂ ਰਵਿਦਾਸ ਜੀ ਰੱਦ ਕਰਦੇ ਹੋਏ ਫੁਰਮਾਉਂਦੇ ਹਨ :

**ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ**<br>**ਤਾਸ ਸਮ ਤੁਲਿ ਨਹੀਂ ਆਨ ਕੋਊ॥**

ਭਾਵ : ਜੋ ਪਾਰਬ੍ਰਹਮ ਪ੍ਰਭੂ ਦਾ ਸਿਮਰਨ ਕਰਦੇ ਹਨ ਉਹਨਾਂ ਦੇ ਬਰਾਬਰ 'ਪਦਮ ਕਵਲਾਸ ਪਤਿ' ਭਾਵ ਪਦਮਾ ਦਾ ਪਤੀ ਵਿਸ਼ਨੂੰ ਤੇ ਕੈਲਾਸ਼ ਦਾ ਪਤੀ ਸ਼ਿਵਜੀ, 'ਆਨ ਕੋਊ' ਕੋਈ ਹੋਰ ਦੂਜਾ (ਬ੍ਰਹਮਾ) ਵੀ ਨਹੀਂ ਹੈ।

ਸੋ ਉਹ ਇਕ ਪ੍ਰਮਾਤਮਾ ਕਦੇ ਵੀ ਕਿਸੇ ਦਾ ਅਵਤਾਰ ਧਾਰ ਕੇ ਦੁਨੀਆਂ 'ਤੇ ਨਹੀਂ ਆਉਂਦਾ ਪਰ ਅਸੀਂ ਅਜੇ ਵੀ ਅਖੌਤੀ ਭਗਵਾਨਾਂ ਦੀ ਪੂਜਾ ਵਿਚ ਲੱਗ ਕੇ ਆਪਣੇ ਮਨੋਰਥ ਤੋਂ ਭਟਕੇ ਹੋਏ ਹਾਂ। ਗੁਰੂ ਰਵਿਦਾਸ ਜੀ ਆਪਣੇ ਸਲੋਕ ਹਰਿ ਸੋ ਹੀਰਾ....ਵਿਚ ਵੀ ਇਹੀ ਹੁਕਮ ਕਰਦੇ ਹਨ ਕਿ ਜੋ ਮਨੁੱਖ ਇਕ ਪ੍ਰਮਾਤਮਾ ਨੂੰ ਛੱਡ ਕੇ ਕਿਸੇ ਹੋਰ ਅਖੌਤੀ ਭਗਵਾਨਾਂ ਜਾਂ ਦੇਵੀ-

ਦੇਵਤਿਆਂ ਤੋਂ ਮੁਕਤੀ ਦੀ ਆਸ ਰੱਖਦਾ ਹੈ, ਉਹ ਕਦੇ ਮੁਕਤ ਨਹੀਂ ਹੋਵੇਗਾ।

2. **ਕੇਵਲ ਪ੍ਰਭੂ ਕੋਲੋਂ ਹੀ ਕੁਝ ਮਿਲ ਸਕਦਾ ਹੈ :** ਦੁਨੀਆਂ ਨੂੰ ਪੈਦਾ ਕਰਨ ਵਾਲੇ ਪ੍ਰਮਾਤਮਾ ਤੋਂ ਹੀ ਕੁਝ ਮਿਲ ਸਕਦਾ ਹੈ। ਕਿਉਂਕਿ 'ਦਦਾ ਦਾਤਾ ਏਕ ਹੈ ਸਭ ਕਉ ਦੇਵਨਹਾਰ' ਸਾਡੇ ਕੀਤੇ ਕਰਮਾਂ (ਇਸ ਹੀ ਜਨਮ ਦੇ) ਅਤੇ ਪ੍ਰਮਾਤਮਾ ਦੀ ਮਿਹਰ ਦੀ ਨਿਗਾਹ ਨਾਲ ਹੀ ਕੁਝ ਪ੍ਰਾਪਤ ਹੋਣਾ ਹੈ ਪਰ ਉਲਟਾ ਅਸੀਂ ਦੇਵੀ-ਦੇਵਤਿਆਂ, ਪੀਰ-ਪੈਗੰਬਰਾਂ, ਮੜੀਆਂ-ਮਸਾਣਾਂ ਅਤੇ ਮੂਰਤੀਆਂ ਆਦਿ ਅੱਗੇ ਨੱਕ ਰਗੜੀ ਜਾ ਰਹੇ ਹਾਂ। ਅਖੌਤੀ ਸਾਧਾਂ ਸੰਤਾਂ ਦੇ ਚਰਨ ਧੋਈ ਜਾ ਰਹੇ ਹਾਂ। ਕੋਈ ਕਿਸੇ ਕੋਲੋਂ ਪੁੱਤ, ਕੋਈ ਪੈਸਾ, ਕੋਈ ਨੌਕਰੀ, ਕੋਈ ਸ਼ੋਹਰਤ ਲਈ ਲੇਲੜੀਆਂ ਕੱਢ ਰਿਹਾ ਹੈ। ਇਥੋਂ ਤੱਕ ਕਿ ਵੱਡੇ ਰਾਜਨੀਤਕ ਨੇਤਾ ਵੀ ਅਜਿਹਾ ਕਰਦੇ ਦੇਖੇ ਗਏ ਹਨ। ਉਹਨਾਂ ਨੂੰ ਤਾਂ ਕੁਝ ਨਹੀਂ ਕਿਹਾ ਜਾ ਸਕਦਾ,ਕਿਉਂਕਿ ਕੌਣ ਆਖੇ ਰਾਣੀ.....। ਇਹ ਸਭ ਅੰਧ-ਵਿਸ਼ਵਾਸ ਹੈ, ਇਹ ਤਾਂ 'ਪੜਿਆ ਮੂਰਖ ਆਖੀਐ' ਵਾਲੀ ਗੱਲ ਹੈ। ਇਹ ਤਾਂ ਆਪਣਾ ਪੈਸਾ, ਸਮਾਂ ਬਰਬਾਦ ਕਰਕੇ ਆਪਣੇ ਗੁਰੂ ਦੇ ਹੁਕਮ ਦੀ ਅਵੱਗਿਆ ਕਰਨਾ ਹੈ। ਭਾਈ ਜੇਕਰ ਕੁਝ ਮੰਗਣਾ ਹੈ ਤਾਂ ਉਸ ਤੋਂ ਮੰਗੋ ਜੋ ਸਾਰੇ ਸੰਸਾਰ ਨੂੰ ਦੇ ਰਿਹਾ ਹੈ।

3. **ਮੂਰਤੀ ਪੂਜਾ ਦਾ ਖੰਡਨ :** ਗੁਰੂ ਰਵਿਦਾਸ ਬਾਣੀ ਮੂਰਤੀ ਪੂਜਾ ਦਾ ਜ਼ੋਰਦਾਰ ਖੰਡਨ ਕਰਦੀ ਹੈ ਪਰੰਤੂ ਸਾਡਾ ਸਮਾਜ ਮੂਰਤੀ ਪੂਜਾ ਵਿਚ ਪੂਰੀ ਤਰ੍ਹਾਂ ਡਟਿਆ ਹੋਇਆ ਹੈ। ਇਥੋਂ ਤੱਕ ਕਿ ਅਸੀਂ ਮੂਰਤੀ ਪੂਜਾ ਦਾ ਖੰਡਨ ਕਰਨ ਵਾਲੇ ਤਰਕਮਈ ਵਿਚਾਰਧਾਰਾ ਦੇ ਮਾਲਕ ਗੁਰੂ ਰਵਿਦਾਸ ਜੀ ਦੀਆਂ ਮੂਰਤੀਆਂ ਬਣਾ ਕੇ ਉਹਨਾਂ ਦੀ ਸਥਾਪਨਾ ਕਰੀ ਜਾ ਰਹੇ ਹਾਂ। ਗੁਰੂ ਰਵਿਦਾਸ ਜੀ ਨੇ "ਨਾਮ ਤੇਰੋ ਆਰਤੀ..." ਵਾਲਾ ਸ਼ਬਦ ਮੂਰਤੀ ਪੂਜਾ ਦਾ ਖੰਡਨ ਕਰਨ ਵਾਸਤੇ ਉਚਾਰਿਆ ਹੈ। ਪਰ ਅਸੀਂ ਉਲਟਾ ਇਹ ਸ਼ਬਦ ਪੜ੍ਹਦੇ ਹੋਏ ਗੁਰੂ ਜੀ ਦੀ ਮੂਰਤੀ ਦੀ ਆਰਤੀ ਉਤਾਰਨ ਲੱਗ ਜਾਂਦੇ ਹਾਂ। ਸ਼ਾਇਦ ਇਸ ਤੋਂ ਵੱਡਾ ਕੋਈ ਪਾਪ ਨਹੀਂ ਹੈ।

4. **ਪਰਮਾਤਮਾ ਨੂੰ ਕੁਝ ਭੇਟ ਕਰਨਾ ਯੋਗ ਨਹੀਂ :** ਗੁਰੂ ਰਵਿਦਾਸ ਜੀ ਬਾਣੀ ਵਿਚ ਉਪਦੇਸ਼ ਕਰਦੇ ਹਨ ਕਿ ਪ੍ਰਮਾਤਮਾ ਅੱਗੇ ਕੁਝ ਵੀ ਭੇਟ ਕਰਨਾ ਬੇਅਰਥ ਹੈ :

> ਦੂਧੁ ਤ ਬਛਰੈ ਥਨਹੁ ਬਿਟਾਰਿਓ ॥
> ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥ ੧ ॥...
> ਧੂਪ ਦੀਪ ਨਈਬੇਦਹਿ ਬਾਸਾ ॥
> ਕੈਸੇ ਪੂਜ ਕਰਹਿ ਤੇਰੀ ਦਾਸਾ ॥...

ਭਾਵ ਦੁੱਧ, ਫੁੱਲ, ਧੂਫ਼, ਦੀਵੇ, ਪ੍ਰਸ਼ਾਦ ਆਦਿ ਵਸਤਾਂ ਜੂਠੀਆਂ ਹਨ ਅਤੇ ਪ੍ਰਮਾਤਮਾ ਅੱਗੇ ਅਰਪਨ ਕਰਨ ਯੋਗ ਨਹੀਂ ਹਨ। ਅਜਿਹਾ ਕਰਨਾ ਕੇਵਲ ਕਰਮ-ਕਾਂਡ ਹਨ ਪਰ ਅਜੇ ਵੀ ਸਾਡਾ ਸਮਾਜ ਲੱਖਾਂ ਰੁਪਿਆਂ ਦੀਆਂ ਅਗਰਬੱਤੀਆਂ, ਧੂਫ਼ ਆਦਿ ਖਰੀਦ ਕੇ ਪੈਸੇ ਬਰਬਾਦ ਕਰ ਰਿਹਾ ਹੈ। ਹਜ਼ਾਰਾਂ ਟਨ ਘਿਓ ਤੇਲ ਦੇ ਦੀਵੇ ਬਾਲ ਕੇ ਪੈਸਿਆਂ ਦੀ ਬਰਬਾਦੀ ਦੇ ਨਾਲ ਨਾਲ ਵਾਤਾਵਰਨ ਵੀ ਪ੍ਰਦੂਸ਼ਿਤ ਕਰ ਰਿਹਾ ਹੈ। ਸਾਡੇ ਦੇਸ਼ ਵਿਚ ਤਾਂ ਇਕ ਵਾਰ ਇਕ ਹੀ ਦਿਨ ਵਿਚ ਲੱਖਾਂ ਟਨ ਦੁੱਧ ਮੂਰਤੀਆਂ ਨੇ ਪੀ ਲਿਆ ਸੀ। ਕੀ ਇਹ ਗੁਰੂ ਰਵਿਦਾਸ ਮਾਰਗ ਹੈ ? ਜ਼ਰਾ ਸੋਚੋ !

*—ਅਮਨਦੀਪ ਕੌਰ, ਬਿਨਪਾਲਕੇ (ਜਲੰਧਰ)*

* * *

# ਬੇਗਮਪੁਰਾ ਅਤੇ ਸਮਾਜਵਾਦ

ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੇ ਅੱਜ ਤੋਂ ਛੇ ਸਦੀਆਂ ਤੋਂ ਵੀ ਪਹਿਲਾਂ ਜਿੱਥੇ ਸਮਾਜ ਦੇ ਦੱਬੇ-ਕੁਚਲੇ ਅਤੇ ਸਮਾਜਿਕ-ਆਰਥਿਕ ਪੱਖ ਤੋਂ ਪੱਛੜੇ ਹੋਏ ਗਰੀਬ ਲੋਕਾਂ ਨੂੰ ਉਤਾਂਹ ਚੁੱਕਣ ਦਾ ਯਤਨ ਕੀਤਾ, ਉੱਥੇ ਉਨ੍ਹਾਂ ਪੂਰੇ ਵਿਸ਼ਵ ਵਿਚ ਸਾਂਝੀਵਾਲਤਾ ਸਥਾਪਿਤ ਕਰਨ ਲਈ ਬੇਗਮਪੁਰੇ ਦਾ ਮਹਾਨ ਫ਼ਲਸਫ਼ਾ ਦਿੱਤਾ। ਭਾਵੇਂ ਸਮੇਂ ਦੀ ਬ੍ਰਾਹਮਣਵਾਦੀ ਸੋਚ ਵਾਲੀ ਸਰਕਾਰ ਅੱਗੇ ਅੱਤੇ ਮਨੂੰਵਾਦੀ ਸਿਧਾਂਤਾਂ ਵਾਲੇ ਸਮਾਜਿਕ ਢਾਂਚੇ ਨੂੰ ਗੁਰੂ ਜੀ ਨੂੰ ਅਜਿਹਾ ਮਾੜਾ ਸੰਤਾਪ ਹੰਢਾਉਣ ਲਈ ਵੀ ਮਜਬੂਰ ਹੋਣਾ ਪਿਆ, ਪਰੰਤੂ ਉਹ ਸਮੇਂ ਦੀ ਇਸ ਧਾਰਾ ਅੱਗੇ ਅਡੋਲ ਖੜ੍ਹੇ ਰਹੇ ਅਤੇ ਤਕੜੀ ਹਿੰਮਤ ਨਾਲ ਇਕੱਲੇ ਹੀ ਬੇਗਮਪੁਰੇ ਦੀ ਨਿਰੰਤਰ ਸੋਚ 'ਤੇ ਪਹਿਰਾ ਦਿੰਦੇ ਰਹੇ।

ਬੇਗਮਪੁਰਾ ਸਹਰ ਕੋ ਨਾਉ॥.....
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ, ਸੁ ਮੀਤੁ ਹਮਾਰਾ॥ ੩॥

ਇਸ ਸ਼ਬਦ ਵਿਚ ਗੁਰੂ ਜੀ ਨੇ ਉਸ ਨਿਵੇਕਲੇ ਸ਼ਹਿਰ ਦੀ ਕਲਪਨਾ ਕੀਤੀ ਜਿਸਦਾ ਨਾਂ 'ਬੇਗਮਪੁਰਾ' ਹੋਵੇ ਅਤੇ ਇਸ ਅੰਦਰ ਰਹਿੰਦਿਆਂ ਕਿਸੇ ਵੀ ਸ਼ਹਿਰੀ ਨੂੰ ਵਰਤਮਾਨ ਸਿਸਟਮ ਵਾਲੀ ਰਾਜਨੀਤਿਕ, ਸਮਾਜਿਕ ਵਿਵਸਥਾ ਵਿਚ ਵਿਚਰਦਿਆਂ ਕਿਸੇ ਵੀ ਕਿਸਮ ਦੀ ਦੁਖ-ਤਕਲੀਫ਼ ਨਾ ਹੋਵੇ ਅਤੇ ਕਿਸੇ ਵੀ ਕਿਸਮ ਦਾ ਟੈਕਸ ਅਦਾ ਨਾ ਕਰਨਾ ਪਵੇ ਅਤੇ ਹਰੇਕ ਸ਼ਹਿਰੀ ਜਿੱਥੇ ਵੀ, ਜਦੋਂ ਵੀ ਚਾਹੇ, ਬਿਨਾਂ ਰੋਕ-ਟੋਕ ਆਪਣਾ ਵਪਾਰ-ਕਾਰੋਬਾਰ ਕਰੇ ਅਤੇ ਵਧਾ ਸਕੇ। ਉਨ੍ਹਾਂ ਅਨੁਸਾਰ ਮੇਰੇ ਪਿਆਰੇ ਵਤਨ ਅੰਦਰ ਹਮੇਸ਼ਾ ਖੈਰ-ਸੁਖ ਰਹੇ ਅਤੇ ਹਮੇਸ਼ਾ ਪ੍ਰੇਮ-ਪਿਆਰ ਦਾ ਆਦਾਨ-ਪ੍ਰਦਾਨ ਹੁੰਦਾ ਰਹੇ।

ਮਾਰਕਸਵਾਦ ਦੇ ਸਿਧਾਂਤ ਨੂੰ ਇਸ ਦੁਨੀਆਂ ਵਿਚ ਲਿਆਉਣ ਵਾਲੇ ਰੂਸ ਦੇ ਕਾਰਲ ਮਾਰਕਸ ਅਤੇ ਜਰਮਨੀ ਦੇ ਫਰੈਡਰਿਕ ਏਂਜਲਜ਼ ਨੇ ਸਾਂਝਾ ਵਿਚਾਰ ਕਮਿਊਨਿਸਟ ਮੈਨੀਫੈਸਟੋ ਦਿੱਤਾ ਜੋ ਬਾਅਦ ਵਿਚ ਸਮਾਜਵਾਦੀ ਸਿਧਾਂਤ ਦੁਆਰਾ ਸਮਾਜਵਾਦੀ ਸਿਸਟਮ ਪ੍ਰਣਾਲੀ ਬਣਿਆ।

ਸਭ ਤੋਂ ਪਹਿਲਾਂ ਸ੍ਰੀ ਗੁਰੂ ਰਵਿਦਾਸ ਜੀ ਨੇ ਹੀ ਮਾਰਕਸਵਾਦ ਦੇ ਫਲਸਫੇ ਨੂੰ ਇਸ ਸੰਸਾਰ ਅੱਗੇ ਪੇਸ਼ ਕੀਤਾ। ਯਾਦ ਰਹੇ ਕਿ ਅਕਤੂਬਰ 1917 ਦੀ ਮਹਾਨ ਰੂਸੀ ਕ੍ਰਾਂਤੀ ਤੋਂ ਬਾਅਦ ਹੀ ਸਮਾਜਵਾਦੀ ਵਿਚਾਰਧਾਰਾ ਹੋਂਦ ਵਿਚ ਆਈ ਜਦਕਿ ਗੁਰੂ ਜੀ ਨੇ ਛੇ ਸਦੀਆਂ ਪਹਿਲਾਂ ਬੇਗਮਪੁਰੇ ਰਾਹੀਂ ਅਜਿਹੀ ਵਿਚਾਰਧਾਰਾ ਨੂੰ ਕ੍ਰਿਆਸ਼ੀਲ ਬਣਾਇਆ।

ਗੁਰੂ ਜੀ ਦੇ ਸਮਕਾਲੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਚੇ ਸੌਦੇ ਵੇਲੇ ਹੋਰ ਸਾਧੂਆਂ ਨਾਲ ਬੈਠ ਕੇ ਲੰਗਰ ਛਕਿਆ ਤਾਂ ਉਨ੍ਹਾਂ ਨਾਲ ਕੁਝ ਵਿਚਾਰ-ਵਟਾਂਦਰਾ ਵੀ ਹੋਇਆ। ਇਹ ਸਤਿਗੁਰੂ ਜੀ ਦੀ ਵਿਚਾਰ-ਸਾਂਝ ਹੀ ਸੀ ਕਿ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੀ

ਬਾਣੀ ਰਾਹੀਂ 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ' ਦੇ ਸਿਧਾਂਤ 'ਤੇ ਜ਼ੋਰ ਦਿੱਤਾ।

ਗੁਰੂ ਜੀ ਦੇ ਸਮੇਂ ਤੋਂ ਅੱਜ ਤੱਕ ਜਿੰਨੀਆਂ ਵੀ ਮਜ਼ਦੂਰ ਲਹਿਰਾਂ ਚੱਲੀਆਂ, ਉਨ੍ਹਾਂ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ 'ਬੇਗਮਪੁਰੇ' ਦਾ ਸਿਧਾਂਤ ਹੀ ਸਪੱਸ਼ਟ ਝਲਕਦਾ ਨਜ਼ਰ ਆਉਂਦਾ ਹੈ। ਆਓ ਆਪਾਂ ਸਾਰੇ ਗੁਰੂ ਰਵਿਦਾਸ ਨਾਮ ਲੇਵਾ ਸਮਾਜ ਉਨ੍ਹਾਂ ਦੁਆਰਾ ਦਿੱਤੇ 'ਕਿਰਤ ਸਿਧਾਂਤ'–ਬੇਗਮਪੁਰੇ ਨੂੰ ਅਪਣਾਉਂਦੇ ਹੋਏ ਹੋਰਨਾਂ ਦੂਜੇ ਸਮਾਜਾਂ ਨੂੰ ਵੀ ਨਾਲ ਲੈ ਕੇ ਚੱਲੀਏ ਅਤੇ ਮਹਾਨ ਵਿਚਾਰਧਾਰਾ ਬੇਗਮਪੁਰੇ ਨੂੰ ਪੱਲੇ ਬੰਨ੍ਹੀਏ।

*—ਹਰਨੇਕ ਸਿੰਘ, ਲੈਕਚਰਾਰ ਇਕਨਾਮਿਕਸ, ਭੋਗਪੁਰ।*

* * *

# ਦਲਿਤ ਕੌਮ ਦਾ ਰੰਗ ਕਿਹੜਾ ਹੈ?

ਹਰ ਇਕ ਕੌਮ ਦੇ ਆਪੋ-ਆਪਣੇ ਰੰਗ ਹਨ ਜਿਵੇਂ ਮੁਸਲਮਾਨਾਂ ਦਾ ਹਰਾ, ਹਿੰਦੂਆਂ ਦਾ ਲਾਲ ਤੇ ਸਿੱਖਾਂ ਦਾ ਕੇਸਰੀ ਆਦਿ। ਇਨ੍ਹਾਂ ਦੇ ਧਾਰਮਿਕ ਅਸਥਾਨਾਂ ਜਾਂ ਸਮਾਗਮਾਂ ਉੱਤੇ ਪਹਿਚਾਣ ਵਜੋਂ ਇਹ ਰੰਗ ਵੇਖਣ ਨੂੰ ਮਿਲਦਾ ਹੈ। ਪਰ ਦਲਿਤਾਂ ਦਾ ਪਹਿਚਾਣ ਰੰਗ ਕਿਹੜਾ ਹੈ। ਸ਼ਾਇਦ ਇਸ ਬਾਰੇ ਸਾਰਿਆਂ ਨੂੰ ਗਿਆਨ ਨਹੀਂ। ਦਲਿਤ ਕੌਮ ਦਾ ਰੰਗ ਮਜੀਠੀ ਰੰਗ ਹੈ। ਇਹ ਰੰਗ ਲਾਲ-ਕਾਲਾ ਜਾਂ ਲਾਖਾ ਜਾਂ ਮਹਿਰੂਨ ਹੁੰਦਾ ਹੈ, ਇਸਦੀ ਪੱਕੀ ਪਹਿਚਾਣ ਲਈ ਪੰਸਾਰੀ ਦੀ ਦੁਕਾਨ ਤੋਂ ਦੋ ਰੁਪਏ ਦੀਆਂ ਮਜੀਠੀ ਲੱਕੜਾਂ ਲਓ, ਉਸਨੂੰ ਥੋੜ੍ਹਾ ਪੀਸ ਕੇ ਪਾਣੀ ਵਿਚ ਭਿਓਂ ਦਿਓ। ਪੰਜ ਮਿੰਟ ਬਾਅਦ ਮਜੀਠੀ ਲੱਕੜਾਂ ਆਪਣਾ ਰੰਗ ਛੱਡ ਦੇਣਗੀਆਂ। ਬਸ ਇਹੀ ਮਜੀਠੀ ਰੰਗ ਹੈ। ਇਸ ਵਾਸਤੇ ਸਾਡੇ ਗੁਰੂ-ਘਰਾਂ ਵਿਚ ਨਿਸ਼ਾਨ ਸਾਹਿਬ ਦੇ ਚੋਲੇ ਦਾ ਰੰਗ ਮਜੀਠੀ ਹੋਵੇ। ਸਮਾਗਮਾਂ ਉੱਤੇ ਲਗਾਏ ਜਾਣ ਵਾਲੇ ਬੈਨਰ ਮਜੀਠ ਰੰਗ ਦੇ ਹੋਣ। ਵਿਆਹ ਸਮੇਂ ਦੂਲਹਾ ਮਜੀਠੀ ਰੰਗ ਦੀ ਪਗੜੀ ਅਤੇ ਦੁਲਹਨ ਮਜੀਠੀ ਰੰਗ ਦਾ ਦੁਪੱਟਾ ਹੀ ਪਹਿਨੇ। ਸਾਨੂੰ ਪੱਗਾਂ, ਪਰਨੇ ਜਾਂ ਕਮਾਂਡੋ ਪਟਕੇ ਮਜੀਠੀ ਰੰਗ ਦੇ ਹੀ ਬੰਨ੍ਹਣੇ ਚਾਹੀਦੇ ਹਨ ਅਤੇ ਮਜੀਠ ਰੰਗ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ।

ਸਾਰੇ ਹੀ ਗੁਰੂ ਰਵਿਦਾਸ ਗੁਰੂ-ਘਰਾਂ, ਦਲਿਤ ਧਾਰਮਿਕ ਅਸਥਾਨਾਂ ਤੇ ਮਜੀਠ ਰੰਗ ਦਾ ਨਿਸ਼ਾਨ ਸਾਹਿਬ ਹੀ ਝੁਲਾਉਣਾ ਚਾਹੀਦਾ ਹੈ। ਗੁਰੂ ਰਵਿਦਾਸ ਜੀ ਇਸਦੀ ਪ੍ਰਮਾਣਿਕਤਾ ਦਿੰਦੇ ਹੋਏ ਹੁਕਮ ਕਰਦੇ ਹਨ :

ਜੈਸਾ ਰੰਗੁ ਕਸੁੰਭ ਕਾ, ਤੈਸਾ ਇਹ ਸੰਸਾਰ॥
ਮੇਰੇ ਰਮਈਏ ਰੰਗੁ ਮਜੀਠ ਕਾ,
ਕਹੁ ਰਵਿਦਾਸ ਚਮਾਰ॥

*—ਪਰਮਜੀਤ ਵਿਰਦੀ, ਲੰਮਾ ਪਿੰਡ, ਜਲੰਧਰ।*

* * *

# ਪਹਿਲੇ ਸਫ਼ੇ ਦੇ ਸ਼ਬਦ ਦੀ ਵਿਆਖਿਆ

ਇਸ ਸ਼ਬਦ ਵਿਚ ਸ੍ਰੀ ਗੁਰੂ ਰਵਿਦਾਸ ਜੀ ਸਮੁੱਚੀ ਮਾਨਵਤਾ ਨੂੰ ਉਪਦੇਸ਼ ਦਿੰਦੇ ਹਨ ਕਿ ਪਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਅਗਿਆਨਤਾ ਅਤੇ ਸੰਸਾਰੀ ਝੂਠੇ ਬੰਧਨਾਂ ਕਾਰਨ ਬਿਖੇੜੇ ਵਾਲਾ ਅਤੇ ਔਖਾ ਹੈ। ਜੀਵ ਦਾ ਮਨ ਰੂਪੀ ਬੈਲ ਉਸ ਅਕਾਲ ਪੁਰਖ ਦੀ ਕ੍ਰਿਪਾ ਨਾਲ ਇਹ ਔਖੀ ਮੰਜ਼ਿਲ ਤਹਿ ਕਰਕੇ ਪ੍ਰਮਾਤਮਾ ਦੇ ਮਜੀਠੀ ਰੰਗ ਵਿਚ ਰੰਗ ਹੋ ਕੇ ਆਪਣਾ ਜੀਵਨ ਸਫ਼ਲ ਕਰ ਸਕਦਾ ਹੈ।

ਜਿਵੇਂ ਇਕ ਗੁਣ-ਹੀਣ ਬੈਲ ਲਈ ਪਹਾੜੀ ਦਾ ਬਿਖੜਾ ਅਤੇ ਸੰਘਣਾ ਰਸਤਾ ਤਹਿ ਕਰਕੇ ਆਪਣੀ ਮੰਜ਼ਿਲ ਦੀ ਪ੍ਰਾਪਤੀ ਕਰਨਾ ਔਖਾ ਹੈ, ਇਸੇ ਤਰ੍ਹਾਂ ਸੰਸਾਰੀ ਜੀਵ ਲਈ ਦੁਰਲੱਭ ਮਨੁੱਖਾ ਜਨਮ ਪ੍ਰਾਪਤ ਕਰਕੇ ਪ੍ਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਅਗਿਆਨਤਾ ਅਤੇ ਸੰਸਾਰੀ ਝੂਠੇ ਬੰਧਨਾਂ ਕਾਰਨ ਬਹੁਤ ਖਤਰਨਾਕ ਪਹਾੜੀ ਵਾਂਗ ਕਠਿਨ ਅਤੇ ਜੰਗਲ ਵਾਂਗ ਘਣਾ ਹੈ। ਇਸ ਰਸਤੇ ਤੋਂ ਲੰਘਣ ਵਾਲੇ ਜੀਵ ਦਾ ਮਨ-ਰੂਪੀ ਬੈਲ ਬਹੁਤ ਕੰਮਜ਼ੋਰ ਹੈ ਤੇ ਪ੍ਰਮਾਤਮਾ ਮੇਰੀ ਆਪ ਜੀ ਅੱਗੇ ਬੇਨਤੀ ਹੈ ਕਿ ਸੰਸਾਰੀ ਜੀਵ ਦੀ ਸੁਆਸਾਂ ਰੂਪੀ ਪੂੰਜੀ ਦੀ ਰਖਿਆ ਕਰੋ ਜੀ।

ਜੇਕਰ ਰਾਮ ਨਾਮ ਦਾ ਵਣਜ ਕਰਨ ਵਾਲਾ ਕੋਈ ਵਪਾਰੀ ਹੈ ਤਾਂ ਮੇਰੇ ਪਾਸ ਆ ਕੇ ਪਰਮਾਤਮਾ ਦੇ ਰਾਮ ਨਾਮ ਦਾ ਵਪਾਰ ਕਰ ਲਵੇ। ਮੇਰਾ ਟਾਂਡਾ ਪ੍ਰਮਾਤਮਾ ਦੇ ਨਾਮ ਨਾਲ ਲੱਦਿਆ ਹੋਇਆ ਹੈ।

ਮੈਂ ਸੰਸਾਰ ਵਿਚ ਤੁਰੀਆ ਅਵਸਥਾ ਦਾ ਵਪਾਰ ਕਰਦਾ ਹਾਂ ਜੋ ਕਿ ਸੰਸਥਾ ਵਿਚ ਭੇਦ-ਭਾਵ ਤੋਂ ਉਪਰ ਉਠ ਕੇ ਨੌਆਂ ਦੁਆਰਿਆਂ ਤੋਂ ਉੱਤੇ ਦੱਸਵੇਂ ਦੁਆਰੇ ਪਹੁੰਚ ਕੇ ਪ੍ਰਾਪਤ ਹੁੰਦੀ ਹੈ।

ਮੈਂ ਮਨ ਰੂਪੀ ਬੈਲ ਉੱਤੇ ਪ੍ਰਮਾਤਮਾ ਦੇ ਰਾਮ ਨਾਮ ਦੇ ਸੱਚੇ ਧਨ ਨੂੰ ਲੱਦਿਆ ਹੈ, ਪਰ ਸੰਸਾਰ ਦੇ ਲੋਕਾਂ ਨੇ ਵਿਕਾਰਾਂ ਰੂਪੀ ਝੂਠੇ ਧਨ ਨੂੰ ਲੱਦਿਆ ਹੈ।

ਮੈਂ ਇਸ ਸੰਸਾਰ ਵਿਚ ਪ੍ਰਮਾਤਮਾ ਦੇ ਸੱਚੇ ਨਾਮ ਦਾ ਵਪਾਰ ਕੀਤਾ ਹੈ। ਇਸ ਲਈ ਲੋਕ ਪ੍ਰਲੋਕ ਤੇ ਮਨੁੱਖਾ ਜਨਮ ਦੇ ਲੇਖੇ ਦਾ ਹਿਸਾਬ ਕਿਤਾਬ ਰੱਖਣ ਵਾਲੇ ਚਿਤਰਗੁਪਤ ਮੇਰੇ ਲੇਖੇ ਇਹ ਜੋ ਮਰਜ਼ੀ ਅਲ-ਪਲ ਲਿਖ ਲਵੋ ਮੈਨੂੰ ਜਮਦੂਤਾਂ ਦਾ ਡੰਡ ਲੱਗ ਹੀ ਨਹੀਂ ਸਕਦਾ, ਕਿਉਂਕਿ ਮੈਂ ਸੰਸਾਰ ਦੇ ਸਾਰੇ ਜੰਜਾਲਾਂ ਨੂੰ ਤੋੜ ਦਿੱਤਾ ਹੈ। ਜਿਹੜਾ ਜੀਵ ਇਸ ਸੰਸਾਰ ਵਿਚ ਪ੍ਰਮਾਤਮਾ ਦਾ ਨਾਮ ਜਪਦਾ ਹੈ, ਉਹ ਜੀਵਨ-ਮੁਕਤ ਹੋ ਜਾਂਦਾ ਹੈ। ਜਮਦੂਤਾਂ ਦਾ ਡੰਡ ਉਹਨਾਂ ਨੂੰ ਲਗਦਾ ਹੈ, ਜਿਹੜੇ ਸੰਸਾਰ ਵਿਚ ਪ੍ਰਮਾਤਮਾ ਨੂੰ ਭੁਲਾ ਕੇ ਝੂਠੇ ਬੰਧਨਾਂ ਵਿਚ ਫਸ ਜਾਂਦੇ ਹਨ।

ਜਿਸ ਤਰ੍ਹਾਂ ਕੁਸੰਭ ਦਾ ਰੰਗ ਕੱਚਾ ਤੇ ਅਸਥਿਰ ਹੈ, ਉਸੇ ਤਰ੍ਹਾਂ ਇਹ ਸੰਸਾਰ ਵੀ ਅਸਥਿਰ ਤੇ ਨਾਸ਼ਵਾਨ ਹੈ। ਮੇਰੇ ਪ੍ਰਮਾਤਮਾ ਦਾ ਰੰਗ ਮਜੀਠ ਵਾਂਗ ਪੱਕਾ, ਸਥਿਰ ਤੇ ਸਦੀਵੀ ਹੈ।

*(ਸ੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ ਸਟੀਕ ਡੇਰਾ ਸੱਚਖੰਡ ਬੱਲਾਂ 'ਚੋਂ ਧੰਨਵਾਦ ਸਹਿਤ)*

ਟਾਈਪ ਸੈਟਿੰਗ—ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ। ਫੋਨ—2432046
ਛਾਪਕ—ਪਰਿਵਰਤਨ ਪ੍ਰੈਸ, ਜਲੰਧਰ।